# ਸਾਂਝੀ ਵਿਰਾਸਤ

ਜਿਲਦ 3 ਅੰਕ 26

2024

1-ਫੱਗਣ (12-ਫਰਵਰੀ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਬੇ-ਗਮ ਪੁਰੇ ਦਾ ਵਾਸੀ | ਸਰਦਾਰ ਜਸਵਿੰਦਰ ਸਿੰਘ ਰੂਪਾਲ | 7 |
| 5. | ਅਨੰਦ ਕਾਰਜ: ਅਕਾਲ-ਪੁਰਖ ਨਾਲ ਮਿਲਾਪ ਨਾਂ ਕਿ ਲੜਕੀ ਦਾ ਲੜਕੇ ਨਾਲ ਵਿਆਹ | ਡਾ. ਕਾਬਲ ਸਿੰਘ, ਡਾ. ਬਲਦੇਵ ਸਿੰਘ | 9 |
| 6. | ਮਾਖਿਉਂ ਮਿੱਠੀ ਬੋਲੀ ਸਾਡੀ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 12 |
| 7. | ਪੰਜਾਬ ਵਿਚ ਵਿੱਦਿਆ ਦੇ ਮੰਦਭਾਗ (ਭਾਗ-1) | ਡਾ. ਜੈ ਰੂਪ ਸਿੰਘ | 13 |
| 8. | ਸਿਧ ਗੋਸਟਿ ਦਾ ਸਾਰ (ਭਾਗ-2) | ਡਾ. ਸੁਰਜੀਤ ਸਿੰਘ ਭੱਟੀ | 15 |
| 9. | ਪੰਜਾਬ ਵਿਚ ਪੰਜਾਬੀ ਦੀ ਸੰਭਾਲ | ਗਲੋਬਲ ਸਿੱਖ ਕੌਂਸਿਲ | 17 |
| 10. | ਪੀੜ ਜਰ ਸਕਣ ਬਾਰੇ ਨਵੀਂ ਖੋਜ | ਡਾ. ਹਰਸ਼ਿੰਦਰ ਕੌਰ | 20 |
| 11. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 22 |
| 12. | ਗੁਰੂ ਗੋਬਿੰਦ ਸਿੰਘ ਜੀ ਬਾਰੇ ਗੋਸ਼ਟੀ | ਕੈਲਗਰੀ ਲੇਖਕ ਸਭਾ | 24 |
| 13. | ਅਪਨਾ ਗੁਰੂ ਧਿਆਏ ... | ਪ੍ਰੋਫੈਸਰ ਮਨਿੰਦਰ ਸਿੰਘ | 25 |
| 14. | ਸੰਸਕਾਰ (ਮਿੰਨੀ ਕਹਾਣੀ) | ਸਰਦਾਰ ਹਰਪ੍ਰੀਤ ਸਿੰਘ ਜਵੰਦਾ | 27 |
| 15. | ਈ-ਦੀਵਾਨ ਕੈਲਗਰੀ ਵਲੋਂ ਕਵੀ ਦਰਬਾਰ | 27 ਜਨਵਰੀ 2024 | 28 |
| 16. | ਪੰਜਾਬੀ ਸਾਹਿਤ ਦਾ ਸਫ਼ਰ | ਸਰਦਾਰਨੀ ਨਰਿੰਦਰ ਕੌਰ | 31 |
| 17. | ਸਾਈਬਰ ਸੁੱਰਖਿਆ | ਤੇਜਿੰਦਰ ਸਿੰਘ ਰੰਧਾਵਾ | 33 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 34 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 36 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 37 |
| 21. | Annexures | | 40 |

## ਸੰਪਾਦਕੀ ਨੋਟ (ਫਰਵਰੀ 2024 ਅੰਕ)

ਨਾਨਕਸ਼ਾਹੀ ਕੈਲੰਡਰ ਅਨੁਸਾਰ 12 ਫਰਵਰੀ ਤੋਂ ਫੱਗਣ ਦਾ ਮਹੀਨਾ ਸ਼ੁਰੂ ਹੁੰਦਾ ਹੈ। ਨਾਨਕਸ਼ਾਹੀ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਹਰ ਸਾਲ ਬਦਲਣ ਦੀ ਲੋੜ ਨਹੀਂ ਰਹਿੰਦੀ। ਹਰ ਸਾਲ 21 ਫਰਵਰੀ ਨੂੰ "ਮਾਂ-ਬੋਲੀ ਦਿਵਸ" ਇੱਕ ਬੜਾ ਮਹੱਤਵਪੂਰਣ ਦਿਨ ਹੁੰਦਾ ਹੈ। ਸੰਸਾਰ ਦੇ 150 ਦੇਸਾਂ ਵਿਚ 15 ਕਰੋੜ ਤੋਂ ਵੱਧ ਪੰਜਾਬੀ ਬੋਲਣ ਵਾਲਿਆਂ ਲਈ ਇਸ ਦਿਨ ਦੀ ਬਹੁਤ ਅਹਮੀਅਤ ਹੈ।

ਮਾਂ-ਬੋਲੀ ਉਹ ਮਾਧਿਅਮ ਹੈ ਜਿਸ ਨਾਲ ਵੱਖੋ ਵੱਖ ਧਰਮਾਂ ਦੇ ਭਾਰਤੀ ਅਤੇ ਪਰਦੇਸੀਂ ਵੱਸਦੇ ਪੰਜਾਬੀ ਬੋਲਦੇ ਲੋਕ ਆਪਸ ਵਿਚ ਜੁੜੇ ਹੋਏ ਹਨ। ਇਹੋ "ਮਾਖਿਉਂ ਮਿੱਠੀ ਸਾਡੀ ਬੋਲੀ" ਸਾਨੂੰ ਗੁਰੂਆਂ ਦੀ ਸਰਬ-ਸਾਂਝੀ ਗੁਰਬਾਣੀ, ਸਾਡੇ ਮਾਣਮੱਤੇ ਇਤਹਾਸ ਅਤੇ ਅਮੀਰ ਵਿਰਸੇ ਦਾ ਗਿਆਨ ਦਿੰਦੀ ਹੈ।

ਗਲੋਬਲ ਸਿੱਖ ਕੌਂਸਲ ਵਲੋਂ ਇਸ ਬਾਰੇ ਕਰਵਾਏ ਸੈਮੀਨਾਰਾਂ ਵਿਚ ਦਿੱਤੇ ਸੁਝਾਵਾਂ ਅਤੇ ਵਿਦਵਾਨਾਂ ਦੇ ਲੇਖਾਂ ਨੂੰ ਪ੍ਰਕਾਸ਼ਿਤ ਕਰ ਕੇ ਅਸੀਂ ਸਮਾਜ ਵਿਚ ਜਾਗ੍ਰਿਤੀ ਲਿਆਉਣ ਦਾ ਯਤਨ ਕਰ ਰਹੇ ਹਾਂ। ਸਾਡਾ ਸਭ ਦਾ ਇਹ ਫਰਜ਼ ਹੈ ਕਿ ਅਸੀਂ ਘਰਾਂ ਵਿਚ ਪੰਜਾਬੀ ਹੀ ਬੋਲੀਏ। ਬਜ਼ੁਰਗਾਂ ਤੋਂ ਅਤੇ ਕਿਤਾਬਾਂ ਵਿਚੋਂਗੁਰਬਾਣੀ ਦੇ ਅਰਥ, ਪੰਜਾਬੀ ਇਤਿਹਿਾਸਕ ਕਹਾਣੀਆਂ, ਲੋਕ ਗੀਤਾਂ ਅਤੇ ਸੱਭਿਆਚਾਰ ਬਾਰੇ ਜਾਣੀਏ। ਸਰਕਾਰਾਂ ਉਤੇ ਜ਼ੋਰ ਪਾਈਏ ਕਿ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਜਿਥੇ ਵੱਡੀ ਗਿਣਤੀ ਵਿਚ ਪੰਜਾਬੀ ਵੱਸੇ ਹਨ, ਉਥੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਪੜ੍ਹਾਈ ਜਾਵੇ। ਇਸ ਲਈ ਕਾਨੂੰਨ ਬਣਾਏ ਅਤੇ ਲਾਗੂ ਕੀਤੇ ਜਾਣ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ, ਚੰਗੀ ਸਿਹਤ ਜਾਂ ਸਮਾਜਿਕ ਭਲਾਈ ਬਾਰੇ "ਮੌਲਿਕ" ਰਚਨਾਵਾਂ (ਲੇਖ, ਕਵਿਤਾਵਾਂ ਜਾਂ ਸਮੀਖਿਆਵਾਂ) ਭੇਜਣਾ ਚਾਹੁੰਣ, ਉਹ ਹਰ ਮਹੀਨੇ ਦੀ 10 ਤਾਰੀਖ ਤਕ ਈ-ਮੇਲ ਕਰ ਦਿਆ ਕਰਨ। ਲਿਖਤਾਂ ਕਿਸੇ ਧਰਮ ਜਾਂ ਸੰਸਥਾ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵੀ ਤਰਾਂ ਦੇ ਵਿਵਾਦਿਤ ਵਿਅਕਤੀ ਜਾਂ ਵਿਸ਼ੇ ਬਾਰੇ ਨਾ ਹੋਣ। ਸਾਰੀਆਂ ਰਚਨਾਵਾਂ ਸਾਡੇ ਐਡੀਟੋਰੀਅਲ ਬੋਰਡ ਤੋਂ ਪਰਵਾਨਗੀ ਉਪਰੰਤ ਹੀ ਛਪਣਗੀਆਂ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ' ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ। ਰਚਨਾਵਾਂ ਦੋ (2) ਪੰਨਿਆਂ (ਵਧ ਤੋਂ ਵਧ 800 ਸ਼ਬਦਾਂ) ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪਰਵਾਨਿਤ ਲੇਖ (ਇਸ ਵੈਬਸਾਈਟ ਦੇ) ਬਲੌਗ ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ / ਕਵੀ (ਜੇ ਉਹ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ
(ਮੁਖ ਸੰਪਾਦਕ)
(surjitsinghbhatti@gmail.com)

## ਤੁਖਾਰੀ ਛੰਤ ਮਹਲਾ 1 ਬਾਰਹਮਾਹਾ

## ਫੱਗਣ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥
ਦਿਨ ਰਹਸੁ ਭਇਆ ਆਪੁ ਗਵਾਇਆ ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ
ਕਰਿ ਕਿਰਪਾ ਘਰਿ ਆਓ॥
ਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥
ਨਾਨਕ ਮੇਲਿ ਲਈ ਗੁਰਿ ਅਪਣੈ
ਘਰਿ ਵਰੁ ਪਾਇਆ ਨਾਰੀ ॥੧੬॥(ਅੰਗ 1109)

ਫ਼ੱਗਣ, ਫ਼ਾਗੁਨ ਜਾਂ ਫ਼ਲਗੁਣ ਨਾਨਕਸ਼ਾਹੀ ਸੰਮਤ ਦਾ ਆਖਰੀ ਮਹੀਨਾ ਹੈ। ਸਿਆਲ ਰੁਤਿ ਦੀ ਸਰਦੀ ਦੇ ਘੱਟਣ ਨਾਲ ਲੋਕ ਹੋਲੀਆਂ ਦੇ ਰੰਗ ਮਨਾਉਂਦੇ ਹਨ। ਪਰ ਗੁਰੂ ਪਿਆਰੇ ਭਗਤ ਫ਼ੱਗਣ ਦੇ ਮਹੀਨੇ ਰੂਪੀ ਮਨੁੱਖੀ ਜਨਮ ਦੀ ਸੱਚੀ ਖੁਸ਼ੀ "ਮਨੁ ਤਨੁ ਹੋਇ ਨਿਹਾਲੁ ਤੁਮ੍ਹ ਸੰਗਿ ਭੇਟਿਆ" (ਅੰਗ-397) ਮਨਾਉਂਦੇ ਹਨ। ਭਗਤੀ ਦੁਆਰਾ ਜੀਵਨ ਦਾ ਫਲ ਮਨ ਦੀ ਪ੍ਰਸੰਨਤਾ ਹੈ। ਗੁਰਮਖ ਆਪਾ ਭੁਲਾਕੇ ਹਮੇਸ਼ਾ ਸਹਜ ਸੁਖ ਵਿਚ ਰਹਿੰਦਾ ਹੈ। ਵਾਹਿਗੁਰੂ ਉਸਦੇ ਮਨ ਤੋਂ ਮੋਹ ਦੀ ਮੈਲ ਲਾਹ ਦਿੰਦਾ ਹੈ। ਪ੍ਰਭੂ ਮਿਲਾਪ ਦੀ ਤਾਂਘ ਉਜਾਗਰ ਹੁੰਦੀ ਹੈ। ਜੋ ਜੀਵ ਅਖੌਤੀ ਧਰਮਿਕ ਪ੍ਰਪੰਚ ਕਰਦਾ ਹੈ ਉਸਨੂੰ ਪ੍ਰਭੂ ਮਿਲਾਪ ਦੀ ਸੱਚੀ ਖੁਸ਼ੀ ਨਹੀਂ ਮਿਲਦੀ। ਉਹ ਪ੍ਰਭੂ ਦੇ ਦਰ ਦੇ ਕਬੂਲ ਨਹੀ ਹੁੰਦਾ। ਪ੍ਰਭੂ ਪ੍ਰੇਮ ਦੇ ਸ਼ਿੰਗਾਰ ਵਿਚ ਸਰੀਰਕ ਸਜਾਵਟਾਂ ਹਾਰ, ਰੇਸ਼ਮੀ ਵਸਤਰ ਆਦਿ ਸਮਾ ਜਾਂਦੀਆਂ ਹਨ। ਗੁਰੂ ਦੀ ਕਿਰਪਾ ਦੁਆਰਾ ਜੀਵ ਇਸਤ੍ਰੀ ਨਿਜ ਘਰ ਵਿਚ ਪਹੁੰਚ ਜਾਂਦੀ ਹੈ।



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪
ਫੱਗਣ ਮਹੀਨੇ ਦਾ ਪਾਠ

ੴ ਸਤਿਗੁਰ ਪ੍ਰਸਾਦਿ ॥

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ-ਪੰਜਾਬ (ਭਾਰਤ) : 9815023970

ਫੱਗਣ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਜੀ ਉਪਦੇਸ਼ ਇਹ ਬਖਸ਼ਿਸ਼ ਕਰ ਰਹੇ ਹਨ ਕਿ ਇਸ ਮਿੱਠੀ ਮਿੱਠੀ ਰੁੱਤ ਵਿਚ ਜਿਨ੍ਹਾਂ ਜੀਵਾਂ ਦੇ ਹਿਰਦਿਆਂ ਵਿਚ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਕਿਰਪਾ ਨਾਲ ਪ੍ਰਭੂ ਪ੍ਰਮਾਤਮਾ ਆਣ ਵਸਦਾ ਹੈ, ਉਨ੍ਹਾਂ ਨੂੰ ਆਤਮਕ ਆਨੰਦ ਮਿਲ ਜਾਂਦਾ ਹੈ, ਤੇ ਲੋਕ ਪਰਲੋਕ ਦੇ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ ਅਤੇ ਉਹ ਭਵ ਸਾਗਰ ਤੋਂ ਤਰ ਜਾਂਦੇ ਹਨ। ਐਸੇ ਪ੍ਰਭੂ ਦੀ ਸਿਫ਼ਤਿ ਸਾਲਾਹ ਸਦਾ ਕਰਨੀ ਚਾਹੀਦੀ ਹੈ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਫੱਗਣ ਮਹੀਨੇ ਦੇ ਪਾਠ ਦੀ
## ਕਾਵਿਕ ਵਿਆਖਿਆ

ਫੱਗਣ ਮਹੀਨੇ ਵਿੱਚ ਆਉਂਦਾ ਹੈ ਅਨੰਦ
ਉਹਨੂੰ, ਹਿਰਦੇ ਚ ਜੀਹਨੇ ਹਰੀ ਸੱਜਣ
ਵਸਾਇਆ ਹੈ।

ਪ੍ਰਭੂ ਦੇ ਪਿਆਰੇ ਜਨ ਹੁੰਦੇ ਨੇ ਸਹਾਈ ਜਿਨ੍ਹਾਂ,
ਕਿਰਪਾ ਦੇ ਨਾਲ, ਨਾਲ ਓਸ ਦੇ ਮਿਲਾਇਆ
ਹੈ।

ਦੁੱਖਾਂ ਲਈ ਹੁਣ ਕੋਈ ਥਾਂ ਹੀ ਨਹੀਂ ਬਚੀ
ਬਾਕੀ, ਸੋਹਣੀ ਸੇਜ ਉੱਤੇ ਡੇਰਾ ਸੁੱਖਾ ਨੇ
ਲਗਾਇਆ ਹੈ।

ਪੂਰੀ ਹੋਈ ਇੱਛਾ ਵਡਭਾਗੀ ਜੀਵ ਆਤਮਾ
ਦੀ, ਹਰੀ ਪਰਮਾਤਮਾ ਦਾ ਵਰ ਜੀਹਨੇ
ਪਾਇਆ ਹੈ।

ਮਿਲ ਕੇ ਉਹ ਨਾਲ ਸਤਸੰਗਣਾ ਸਹੇਲੀਆਂ ਦੇ,
ਗੀਤ ਨੇ ਗੋਬਿੰਦ ਦੇ ਅਨੰਦ ਵਿੱਚ ਗਾਂਦੀਆ।

ਹਰੀ ਪਰਮਾਤਮਾ ਦੇ ਵਰਗਾ ਨਾ ਹੋਰ ਕੋਈ,
ਨਜ਼ਰਾਂ ਚ ਹੋਰ ਕੋਈ ਦੂਸਰਾ ਨਾ ਪਾਂਦੀਆਂ।

ਚਰਨਾ 'ਚ ਆਪਣੇ ਹੈ ਥਾਂ ਪੱਕੀ ਦੇ ਦਿੰਦਾ,
ਲੋਕ-ਪਰਲੋਕ ਦਿੰਦਾ ਓਸ ਦਾ ਸਵਾਰ ਹੈ।

ਜਨਮਾਂ ਦੀ ਦੌੜ ਜੀਵ ਆਤਮਾ ਦੀ ਮੁੱਕ ਜਾਂਦੀ
ਕਰ ਦਿੰਦਾ ਉਹਨੂੰ ਭਵਸਾਗਰੋਂ ਵੀ ਪਾਰ ਹੈ।

ਜੀਭਾ ਇੱਕ ਨਾਨਕ ਦੀ ਗੁਣ ਨੇ ਅਨੇਕ
ਉਹਦ। ਚਰਨਾਂ 'ਚ ਓਸ ਦੇ ਜੋ ਪਈਏ, ਤਰ
ਜਾਈਦਾ।

ਫੱਗਣ ਮਹੀਨੇ ਵਿੱਚ ਗਾਈਏ 'ਨੂਰ' ਜਸ ਓਹਦਾ,
ਲਾਲਚ ਨਹੀਂ ਹੈ ਜਿਹਨੂੰ ਕਿਸੇ ਵਡਿਆਈ ਦਾ।



ਇੰਜੀਨੀਅਰ ਕਰਮਜੀਤ ਸਿੰਘ ਨੂਰ
ਜਲੰਧਰ

ਬੈਂਤ ਛੰਦ :
(ਭਗਤ ਰਵਿਦਾਸ ਜੀ ਦੇ ਜਨਮ ਦਿਨ ਤੇ)

## ਬੇ-ਗਮ ਪੁਰੇ ਦਾ ਵਾਸੀ

ਸਰਦਾਰ ਜਸਵਿੰਦਰ ਸਿੰਘ "ਰੁਪਾਲ" ਲੁਧਿਆਣਾ, ਪੰਜਾਬ (ਭਾਰਤ)



ਪ੍ਰੀਤ ਇੱਕ ਪ੍ਰਮਾਤਮਾ ਨਾਲ ਤੇਰੀ,
ਝੂਠੀ ਜੱਗ ਦੀ ਪ੍ਰੀਤ ਤੂੰ ਤੋੜ ਦਿੱਤੀ।

ਉਸ ਅਨਾਮੀ ਦੇ ਨਾਮ ਨੂੰ ਜਪ ਜਪ ਕੇ,
ਸੁਰਤ ਸ਼ਬਦ ਦੇ ਵਿੱਚ ਸੀ ਜੋੜ ਦਿੱਤੀ।

ਰੂਹ ਸਦਾ ਹੀ ਪ੍ਰਭੂ ਦੇ ਗੀਤ ਗਾਵੇ,
ਕੂੜ-ਰੀਤ ਦੁਨੀਆਂ ਵਾਲੀ ਤੋੜ ਦਿੱਤੀ।

ਜਾਤ-ਪਾਤ ਵਿੱਚ ਗ੍ਰਸੀ ਸੀ ਸੋਚ ਜਿਹੜੀ,
ਇੱਕੋ ਜੋਤ ਦੇ ਵੱਲ ਨੂੰ ਮੋੜ ਦਿੱਤੀ।

ਜਿਹੜੇ ਪੈਰਾਂ ਨੂੰ ਤੁਰਨ ਦੀ ਜਾਚ ਆ ਗਈ,
ਉਨ੍ਹਾਂ ਵਾਸਤੇ ਨੈਣ ਵਿਛਾਏ ਤੂੰ ਤਾਂ।

ਕੰਡੇ ਚੁਭਣ ਨਾ, ਕਿਤੇ ਨਾ ਪੈਣ ਅੱਟਣ,
ਖਾਤਰ ਉਨ੍ਹਾਂ ਦੀ ਜੋੜੇ ਬਣਾਏ ਤੂੰ ਤਾਂ।

ਅੱਗੇ ਲੱਗਕੇ ਚਲਣਾ ਦੱਸਿਆ ਸੀ,
ਸੱਚੇ ਮਾਰਗ ਦੇ ਪੂਰਨੇ ਪਾਏ ਤੂੰ ਤਾਂ।

ਅਸਲ ਵਿੱਚ ਸੁੱਚੇ "ਸੁੱਚੀ ਕਿਰਤ ਵਾਲੇ",
ਸੁੱਚ-ਜੂਠ ਦੇ ਭੇਦ ਸਮਝਾਏ ਤੂੰ ਤਾਂ।

ਆਈ ਮੱਥੇ ਤਰੇਲੀ ਸੀ ਬ੍ਰਾਹਮਣਾਂ ਦੇ,
ਮਾਲਕ ਨਾਲ ਜਾਂ ਤੱਕਿਆ ਪਿਆਰ ਤੇਰਾ।

ਊਚ ਨੀਚ ਬਿਰਤੀ ਜੜ੍ਹੋਂ ਹਿੱਲ ਗਈ ਸੀ,
ਇੱਕੋ ਜਿਹਾ ਸਭ ਖਾਤਰ ਵਿਵਹਾਰ ਤੇਰਾ।

ਨੀਚ ਸਮਝ ਤੈਨੂੰ ਘਿਰਣਾ ਕਰਨ ਜਿਹੜੇ,
ਉਹਨਾਂ ਲਈ ਵੀ ਖੁਲ੍ਹਾ ਦਰਬਾਰ ਤੇਰਾ।

ਸ਼ਰਮਸ਼ਾਰ ਹੋਏ ਸਾਰੇ ਕਰਮ-ਕਾਂਡੀ,
ਨਾਲ ਨਿਮਰਤਾ ਹਿਰਦਾ  ਸਰਸ਼ਾਰ ਤੇਰਾ।

ਪ੍ਰਭੂ-ਪ੍ਰੀਤ ਦੇ ਜ਼ਜ਼ਬੇ ਜੋ ਭਰੇ ਦਿਲ ਵਿੱਚ,
ਅਮਰ-ਸ਼ਬਦਾਂ ਦੇ ਅੰਦਰ ਸੰਭਾਲ ਦਿੱਤੇ।

ਰਾਗ ਅਤੇ ਸੰਗੀਤ ਦੀ ਛੋਹ ਦੇ ਕੇ,
ਉੱਚੀ ਸੁਰਤ ਦੇ ਉੱਚੇ ਖਿਆਲ ਦਿੱਤੇ।

ਆਦਿ-ਗ੍ਰੰਥ ਖਜ਼ਾਨੇ ਲਈ ਗੁਰੂ ਅਰਜਨ,
ਜੌਹਰੀ ਬਣ ਹੀਰੇ ਸਨ ਭਾਲ਼ ਦਿੱਤੇ।

ਸਿੱਖ-ਗੁਰੂ-ਪਰਮਾਤਮਾ ਇੱਕ ਹੋਇਆ,
ਪਰਦੇ ਸਾਰੇ ਦੇ ਸਾਰੇ ਉਠਾਲ਼ ਦਿੱਤੇ।

ਤੈਨੂੰ ਭਗਤ ਆਖਾਂ ਜਾਂ ਮੈਂ ਗੁਰੂ ਆਖਾਂ,
ਹਰੀ ਆਖਾਂ ਜਾਂ ਹਰੀ ਦਾ ਦਾਸ ਆਖਾਂ।

ਰਵੀ ਕਈਆਂ ਤੋਂ ਵਧ ਕੇ ਤੇਜ ਤੇਰਾ,
ਕਿੱਦਾਂ ਦੱਸ ਖਾਂ "ਰਵੀ ਦਾ ਦਾਸ" ਆਖਾਂ।

ਇੱਧਰ ਉੱਧਰ ਹਰ ਥਾਂ ਤੂੰ ਹੀਂ ਨਜ਼ਰ ਆਵੇਂ,
ਆਮ ਆਖਾਂ ਜਾਂ ਮੈਂ ਤੈਨੂੰ ਖਾਸ ਆਖਾਂ।

ਤੋਹੀ ਮੋਹੀ ਵਿੱਚ ਫਰਕ ਨਾ ਰਿਹਾ ਕੋਈ,
ਤੂੰ ਹੀ ਤੂੰ ਹੀ ਬੱਸ ਸਾਸ ਗਿਰਾਸ ਆਖਾਂ।

"ਮੋਹ-ਫਾਸ" ਵਿੱਚ ਫਸਿਆ ਹਾਂ ਅਜੇ ਤੀਕਰ,
ਕਿਵੇਂ ਛੁੱਟਾਂਗਾ ਏਸ ਜੰਜਾਲ ਵਿੱਚੋਂ ?

ਨਾਮ ਸਿਮਰਨ ਦਾ ਵੱਲ ਨਾ ਜਾਣਦਾ ਹਾਂ,
ਤਾਹੀਂਓਂ ਜਾਂਦੇ ਨਹੀਂ ਖਿੰਡੇ ਖਿਆਲ ਵਿੱਚੋਂ।

ਜਿਵੇਂ ਹਰੀ ਨੂੰ ਬੰਨਿਐ "ਪ੍ਰੇਮ-ਬੰਧਨ",
ਜਾਚ ਮੈਨੂੰ ਵੀ ਓਹੀ ਸਿਖਾਲ਼ ਵਿੱਚੋਂ।

"ਬੇਗਮਪੁਰੇ"  ਦਾ ਵਾਸੀ ਬਣਾਕੇ ਤੇ,
ਮੈਲ਼ ਧੋ ਦੇ ਸਾਰੀ  'ਰੁਪਾਲ'  ਵਿੱਚੋਂ।

***********************************-

ਸੰਪਾਦਕ : ਪੰਜਾਬੀ ਸਾਂਝ

....................................

ਪ੍ਰਕਾਸ਼ਿਤ ਪੁਸਤਕਾਂ

1. ਕੀਤੋਸੁ ਆਪਣਾ ਪੰਥ ਨਿਰਾਲਾ

(ਗੁਰਮਤਿ ਲੇਖ)

2. ਰਸੀਲਾ ਕਾਵਿ

(ਛੰਦਬੱਧ ਕਵਿਤਾਵਾਂ)

*********************************

## ਅਨੰਦ ਕਾਰਜ : ਅਕਾਲ-ਪੁਰਖ ਨਾਲ ਮਿਲਾਪ
## ਨਾਂ ਕਿ ਲੜਕੀ ਦਾ ਲੜਕੇ ਨਾਲ ਵਿਆਹ

**ਡਾ. ਕਾਬਲ ਸਿੰਘ, ਡਾ.ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)**



ਆਮ ਸਮਝਿਆ ਜਾਂਦਾ ਹੈ ਕਿ 'ਅਨੰਦ ਕਾਰਜ' ਦੀ ਰਸਮ ਲੜਕੀ ਦਾ ਲੜਕੇ ਨਾਲ ਵਿਆਹ ਜਾਂ ਲੜਕੇ ਨੂੰ ਲੜਕੀ ਸੌਂਪਣ ਬਾਰੇ ਹੈ। ਪਰ, ਅਸਲ ਵਿੱਚ ਅਨੰਦ ਕਾਰਜ ਵੇਲੇ ਉਚਾਰੀ ਗੁਰਬਾਣੀ ਦੇ ਸ਼ਬਦ ਜੀਵ-ਇਸਤਰੀ ਨੂੰ ਪ੍ਰਭੂ-ਪਤੀ ਨਾਲ ਮਿਲਾਪ ਤੇ ਰੱਬੀ-ਗੁਣ ਅਪਨਾਉਣ ਬਾਰੇ ਹਨ। ਲੇਖ ਸੀਮਤ ਰੱਖਣ ਲਈ ਸ਼ਬਦਾਂ ਦੀਆਂ ਅਰੰਭ ਤੇ ਅੰਤ ਵਾਲੀਆਂ ਤੁਕਾਂ ਹੀ ਲਿਖੀਆਂ ਹਨ। ਸਮਾਰੋਹ ਦੇ ਅਰੰਭ ਸ਼ਬਦ ਹਨ :

**ਸਿਰੀ ਰਾਗ ਕੀ ਵਾਰ, ਪਉੜੀ॥**
**ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ॥**
**-- ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭ ਲਾਖੀਐ॥ (ਅੰਕ 91)**

**ਸੰਖੇਪ ਭਾਵ**:
ਸ਼ੁਭ ਕੰਮ ਵਿੱਚ ਸਫ਼ਲਤਾ ਲਈ ਪ੍ਰਭੂ ਅੱਗੇ ਅਰਦਾਸ ਕਰਨੀ ਚਾਹੀਦੀ ਹੈ। ਵਾਹਿਗੁਰੂ ਕ੍ਰਿਪਾ ਕਰਕੇ ਸਭ ਕਾਰਜ ਪੂਰੇ ਕਰਦਾ ਹੈ। ਸੰਤਾਂ ਦੀ ਸੰਗਤਿ ਵਿਚ ਅੰਮ੍ਰਿਤ-ਨਾਮ ਦਾ ਸੁਆਦ ਚੱਖ ਸਕਦੇ ਹਾਂ। ਹੇ ਭੈ ਨਾਸ ਕਰਨ ਵਾਲੇ ਹਰੀ! ਮਿਹਰ ਕਰੋ, ਦਾਸ ਦੀ ਇੱਜ਼ਤ ਰੱਖ ਲੌ। ਹਰੀ ਜੱਸ ਗਾ ਕੇ ਅਲੱਖ ਪ੍ਰਭੂ ਨੂੰ ਅਨੁਭਵ ਕਰਦੇ ਹਾਂ। ਪੱਲੇ ਦੇ ਸ਼ਬਦ ਰਾਹੀਂ ਵਾਹਿਗੁਰੂ ਤੋਂ ਆਗਿਆ ਤੇ ਅਸੀਸ ਮੰਗੀ ਜਾਂਦੀ ਹੈ। **ਸਲੋਕ ਮ: 5॥**

**ਉਸਤਤ ਨਿੰਦਾ ਨਾਨਕ ਜੀ ਮੈ ਹਭ ਵੰਞਾਈ ਛੋੜਿਆ ਹਭੁ ਕਿਝੁ ਤਿਆਗੀ॥ ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥963॥**

ਹੇ ਹਰੀ, ਮੈਂ ਕਿਸੇ ਨੂੰ ਚੰਗਾ ਮੰਦਾ ਆਖਣਾ ਛੱਡ ਦਿੱਤਾ ਹੈ। ਮੈਂ ਵੇਖ ਲਿਆ ਹੈ ਕਿ ਦੁਨੀਆਂ ਦੇ ਸਾਰੇ ਰਿਸ਼ਤੇ ਝੂਠੇ ਹਨ, ਇਸ ਲਈ, ਮੈਂ (ਜੀਵ-ਇਸਤਰੀ) ਤੇਰੀ ਸ਼ਰਣ ਆਈ ਹਾਂ।

ਲਾਵਾਂ ਦੇ ਚਾਰ ਸ਼ਬਦ (ਅੰਕ 773):
**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥ -- ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥**

ਜੀਵ-ਇਸਤਰੀ ਦਾ ਪ੍ਰਭੂ-ਪਤੀ ਨਾਲ ਮਿਲਾਪ (ਵਿਆਹ) ਦਾ ਇਹ ਪਹਿਲਾ ਪੜਾਅ ਹੈ। ਹਰੀ-ਨਾਮ ਜਪਣ ਅਤੇ ਦ੍ਰਿੜ ਕਰਨ ਦੀ ਤਾਕੀਦ ਕੀਤੀ ਗਈ ਹੈ। ਗੁਰੂ ਦੀ ਬਾਣੀ ਹੀ ਸਿੱਖ ਵਾਸਤੇ ਬ੍ਰਹਮਾ ਦਾ ਵੇਦ ਹੈ, ਸਿਮ੍ਰਿਤੀਆਂ ਦਾ ਉਪਦੇਸ਼ ਹੈ। ਬਾਣੀ ਦੁਆਰਾ ਨਾਮ ਸਿਮਰ ਕੇ, ਧਰਮ ਪੱਕਾ ਕਰਕੇ, ਵੱਡੇ ਭਾਗਾਂ ਵਾਲਿਆਂ ਦੇ ਪਾਪ ਤੇ ਵਿਕਾਰ ਕੱਟੇ ਜਾਂਦੇ ਹਨ। ਮਨ ਸਹਿਜ ਅਵਸਥਾ ਵਿੱਚ ਅਨੰਦ ਮਹਿਸੂਸ ਕਰਦਾ ਹੈ ਅਤੇ ਮਿਲਾਪ ਦਾ ਸ਼ੁਭ ਆਰੰਭ ਹੈ।

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ॥ -- ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥**

ਵਿਆਹ ਦੇ ਦੂਜੇ ਪੜਾਅ ਵਿੱਚ, ਹਰੀ-ਪਤੀ ਦੀ ਮਿਹਰ ਨਾਲ ਗੁਰੂ ਨਾਲ ਮੇਲ ਹੁੰਦਾ ਹੈ। ਮਨ ਡਰ-ਰਹਿਤ ਹੋ ਜਾਂਦਾ ਹੈ, ਅਤੇ ਹਉਮੈ ਦੂਰ ਹੋ ਜਾਂਦੀ ਹੈ। ਪ੍ਰਮਾਤਮਾ ਦੇ ਸਤਿਕਾਰ-ਭਰੇ ਡਰ ਕਾਰਨ ਹਰ ਥਾਂ ਉਸਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਉਸ ਦਾ ਜੱਸ ਗਾਇਨ ਕਰਨ ਵਿੱਚ ਜੀਵ ਧੰਨ ਹੋਣਾ ਮਹਿਸੂਸ ਕਰਦਾ ਹੈ। ਅੰਦਰ ਬਾਹਰ (ਸਾਰੇ ਜਗਤ ਵਿਚ) ਵਾਹਿਗੁਰੂ ਹੀ ਵਿਆਪਕ ਦਿਸਦਾ ਹੈ, ਤੇ ਸਾਧ-ਸੰਗਤ ਨਾਲ ਮਿਲ ਕੇ ਪ੍ਰਭੂ ਦੀ ਸਿਫ਼ਤ-ਸਲਾਹ ਦੇ ਖੁਸ਼ੀ ਭਰੇ ਗੀਤ ਗੂੰਜਦੇ ਹਨ। ਹਰੀ-ਮਿਲਨ ਦੀ ਆਤਮਕ-ਅਵਸਥਾ ਦੇ ਦੂਜੇ ਪੜਾਅ ਵਿੱਚ ਪ੍ਰਭੂ-ਸਿਫ਼ਤ ਦਾ ਅਨਹਦ ਸੰਗੀਤ ਇਕਸਾਰ ਗੂੰਜਦਾ ਰਹਿੰਦਾ ਹੈ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥ -- ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥**

ਤੀਸਰੇ ਪੜਾਅ ਵਿੱਚ ਵੈਰਾਗ ਵਿੱਚ ਆਈ ਜੀਵ-ਇਸਤਰੀ ਦੇ ਮਨ ਵਿੱਚ ਪ੍ਰਭੂ-ਪਤੀ ਨੂੰ ਮਿਲਣ ਦੀ ਤਾਂਘ ਹੋਰ ਪ੍ਰਬਲ ਹੁੰਦੀ ਹੈ। ਵੱਡੇ ਭਾਗਾਂ ਨਾਲ ਸੰਤਾਂ ਦੀ ਸੰਗਤ ਕਰਕੇ ਉਸਦੀ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਦੁਆਰਾ ਹਰੀ ਦੇ ਗੁਣ ਗਾ ਕੇ ਪਵਿੱਤਰ ਰੱਬ ਨੂੰ ਪਾ ਸਕੀਦਾ ਹੈ। ਜੀਵ ਹਰੀ ਦੇ ਗੁਣਾਂ ਨੂੰ ਜਾਣ ਲੈਂਦਾ ਹੈ, ਅਤੇ ਹਿਰਦੇ ਵਿੱਚ ਵਾਹਿਗੁਰੂ ਦਾ ਸਾਖਸ਼ਾਤ ਅਨੁਭਵ ਹੁੰਦਾ ਹੈ।ਤੀਸਰੇ ਪੜਾਅ ਵਿੱਚ ਜੀਵ ਦੇ ਮਨ ਅੰਦਰ ਪ੍ਰਭੂ-ਮਿਲਣ ਦੀ ਤੀਬਰ ਤਾਂਘ ਪੈਦਾ ਹੁੰਦੀ ਹੈ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥ -- ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥**

ਚੌਥੇ ਪੜਾਅ ਵਿਚ ਸਹਿਜ ਅਵਸਥਾ ਪਾ ਕੇ ਮਨ ਨੂੰ ਹਰੀ-ਮਿਲਾਪ ਦਾ ਅਨੁਭਵ ਹੁੰਦਾ ਹੈ। ਵੱਡੇ ਭਾਗਾਂ ਨਾਲ ਪ੍ਰਭੂ-ਪਤੀ ਨਾਲ ਮਿਲਨ ਹੁੰਦਾ ਹੈ, ਤਨੋ-ਮਨੋ ਪਿਆਰਾ ਲੱਗਦਾ ਹੈ। ਹਰੀ ਮਿੱਠਾ ਲੱਗਣ ਨਾਲ ਹੁਣ ਦਿਨ-ਰਾਤ ਧਿਆਨ ਉਸੇ ਵਿੱਚ ਹੀ ਰਹਿੰਦਾ ਹੈ। ਮਨ-ਚਾਹਿਆ ਫ਼ਲ ਮਿਲਣ ਕਰਕੇ ਮਨੁਖ ਅੰਦਰ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ। ਪ੍ਰਭੂ ਨੇ ਜੀਵ-ਇਸਤਰੀ ਨਾਲ ਮਿਲਾਪ ਦਾ ਇਹ ਸੋਹਣਾ ਕਾਜ ਰਚਾਇਆ ਹੈ ਅਤੇ ਉਹ ਨਾਮ-ਸਿਮਰਨ ਦੀ ਬਰਕਤ ਨਾਲ ਸਦਾ ਆਨੰਦ ਵਿਚ ਰਹਿੰਦੀ ਹੈ। ਨਾਨਕ ਜੀ ਅਨੁਸਾਰ, ਚੌਥੇ ਪੜਾਅ ਵਿੱਚ ਜੀਵ ਅਕਾਲ-ਪੁਰਖ ਨਾਲ ਅਭੇਦ ਹੋ ਜਾਂਦਾ ਹੈ।ਲਾਵਾਂ ਸੰਪੂਰਨ ਹੋਣ ਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਜਾਂਦਾ ਹੈ।

**ਸਿਰੀ ਰਾਗੁ ਮ:4॥ ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥-- ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥ (ਅੰਕ 78)**

ਗੁਰੂ ਦੀ ਸਿਖਿਆ ਤੇ ਚੱਲ ਕੇ ਮੈਨੂੰ ਹਰੀ-ਪਤੀ ਦੀ ਪ੍ਰਾਪਤੀ ਹੋਈ ਹੈ। ਅਗਿਆਨਤਾ ਤੇ ਮਾਇਆ-ਮੋਹ ਦਾ ਹਨੇਰਾ ਦੂਰ ਹੋ ਗਿਐ। ਗਿਆਨ-ਸੂਰਜ ਜਗ-ਮਗ ਕਰ ਉਠਿਐ, ਅਤੇ ਹਰੀ-ਨਾਮ ਦਾ ਕੀਮਤੀ ਰਤਨ ਲੱਭ ਪਿਆ ਹੈ। ਮੇਰਾ ਹਉਮੈ-ਰੋਗ ਦੂਰ ਹੋ ਗਿਐ, ਤੇ ਆਪਾ-ਭਾਵ ਦਾ ਦੁੱਖ ਮੁੱਕ ਗਿਐ। ਮੈਂ ਉਹ ਹਰੀ-ਪਤੀ ਪਾ ਲਿਆ ਹੈ ਜੋ ਅਵਿਨਾਸ਼ੀ ਹੈ, ਕਦੇ ਮਰਦਾ ਜਾਂ ਜੰਮਦਾ ਨਹੀਂ। ਗੁਰੂ-ਉਪਦੇਸ਼ ਰਾਹੀਂ ਮੇਰਾ ਵਿਆਹ/ਮਿਲਾਪ ਹਰੀ-ਪਤੀ ਨਾਲ ਹੋ ਗਿਐ।

## ਅਨੰਦ ਕਾਰਜ ਦੀ ਰਸਮ ਬਾਰੇ ਕੁਝ ਵਿਚਾਰ

ਗੁਰਬਾਣੀ-ਭਾਵ ਅਨੁਸਾਰ ਸਪਸ਼ਟ ਹੈ ਕਿ ਲਾਵਾਂ ਤੇ ਹੋਰ ਸਬੰਧਤ ਸ਼ਬਦ ਜੀਵ-ਇਸਤਰੀ (ਲੜਕੇ ਤੇ ਲੜਕੀ) ਦਾ ਪਤੀ-ਪਰਮੇਸ਼ਰ ਨਾਲ ਮਿਲਾਪ (ਵਿਆਹ) ਦਾ ਵਰਨਣ ਕਰਦੇ ਹਨ। ਆਮ ਭੁਲੇਖਾ ਹੈ ਕਿ ਰਸਮ ਲੜਕੀ ਦਾ ਲੜਕੇ ਨਾਲ ਵਿਆਹ ਜਾਂ ਲੜਕੇ ਨੂੰ ਲੜਕੀ ਸੌਂਪਣ *("ਪੱਲੇ ਤੈਂਡੇ ਲਾਗੀ")* ਬਾਰੇ ਹੈ। ਇਸ ਕਾਰਨ ਦੁਨਿਆਵੀ-ਪਤੀ ਨੂੰ ਪਰਮੇਸ਼ਰ ਬਣਨ ਦਾ ਭਰਮ ਹੋ ਜਾਂਦਾ ਹੈ ਤੇ ਉਨ੍ਹਾਂ ਵਿਚ ਨਾ-ਬਰਾਬਰੀ ਦਾ ਰਿਸ਼ਤਾ ਬਣ ਜਾਂਦਾ ਹੈ, ਜਾਂ ਬਣ ਸਕਦਾ ਹੈ। ਇਸ ਕੁਰੀਤੀ ਵਿੱਚ ਸਾਡੇ ਸਮਾਜ ਵਿਚ ਆਮ ਪ੍ਰਚਲਤ ਮਰਦ-ਪ੍ਰਧਾਨਗੀ ਦੀ ਹਉਮੈ (ਮਓਲਣ-ਇਗੋ) ਦੀ ਮੁੱਖ ਭੂਮਿਕਾ ਹੈ। ਇਸ ਸਬੰਧੀ ਗੁਰਬਾਣੀ ਦੀਆਂ ਇਹ ਤੁਕਾਂ ਢੁਕਵੀਆਂ ਹਨ।

**ਇਸ ਜਗ ਮਹਿ ਪੁਰਖ ਏਕ ਹੈ ਹੋਰ ਸਗਲੀ ਨਾਰਿ ਸਬਾਈ॥ ਸਭਿ ਘਟ ਭੋਗਵੈ ਅਲਿਪਤ ਰਹੈ ਅਲਖੁ ਨ ਲਖਣਾ ਜਾਈ॥ (ਅੰਕ 592)**

**ਏਕ ਜੋਤ ਦੋਇ ਮੂਰਤੀ ਧਨ ਪਿਰ ਕਹੀਐ ਸੋਈ॥ (ਅੰਕ 78)**

ਕੁਝ ਸੁਝਾਅ:

ਅਨੰਦ ਕਾਰਜ ਵਿਚ ਸਿਖਿਆ ਨੂੰ ਗੁਰਬਾਣੀ ਅਨੁਸਾਰ ਸਮਝਣ ਲਈ ਪਹਿਲਾਂ ਵਿਆਹ ਕਰਾਉਣ ਵਾਲੇ ਜੋੜੇ ਨੂੰ ਅਨੰਦ ਕਾਰਜ ਦੇ ਪਾਵਨ ਰਿਸ਼ਤੇ ਦੇ ਸਿਧਾਂਤਾਂ ਅਨੁਸਾਰ ਵਿਆਹਤ ਜੀਵਨ ਦੀਆਂ ਜ਼ਿਮੇਵਾਰੀਆਂ ਸਮਝਾਈਆਂ ਜਾਂਣ। ਲੋੜੀਂਦੇ ਢੰਗ-ਤਰੀਕਿਆਂ ਬਾਰੇ ਸੁਝਾਵਾਂ ਲਈ ਸਿੱਖ ਵਿਆਹ-ਸਲਾਹਕਾਰ (religious marriage counsellor) ਹੋਣ।

ਅਨੰਦ ਕਾਰਜ ਵੇਲੇ ਲਾਵਾਂ ਦੇ ਪਾਠ ਅਤੇ ਇਸ ਮੌਕੇ ਪੜ੍ਹੇ ਜਾਂਦੇ ਹੋਰ ਸ਼ਬਦਾਂ ਦੇ ਭਾਵ ਅਰਥ ਸਮਝਾਉਣੇ ਬਹੁਤ ਜ਼ਰੂਰੀ ਹਨ, ਤਾਂ ਕਿ ਵਿਆਹਤ ਜੋੜੇ ਨੂੰ ਰਸਮ ਦੀ ਮਹੱਤਤਾ ਦੀ ਠੀਕ ਜਾਣਕਾਰੀ ਹੋਵੇ। ਦੋਹਵਾਂ ਨੂੰ ਸਪਸ਼ਟ ਸਮਝ (understanding) ਹੋਵੇ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪ੍ਰਮਾਤਮਾ ਦਾ ਓਟ-ਆਸਰਾ ਲੈਣ, ਅਤੇ "ਏਕ ਜੋਤ ਦੋਏ ਮੂਰਤੀ" ਦੇ ਸੰਕਲਪ ਅਨੁਸਾਰ, ਇਕ ਦੂਸਰੇ ਨੂੰ ਬਰਾਬਰ ਦੇ ਭਾਈਵਾਲ ਮੰਨਣ ਦਾ ਵਾਅਦਾ (commitment) ਕੀਤਾ ਹੈ। ਅਨੰਦ ਕਾਰਜ (ceremony of bliss) ਦੀ ਰਸਮ "ਸਹਿਜ" (tranquility) ਨਾਲ ਹੋਣੀ ਚਾਹੀਦੀ ਹੈ, ਕਾਹਲੀ ਨਹੀਂ ਕਰਨੀ ਚਾਹੀਦੀ। ਇਕ ਸਿੱਖ ਦੇ ਜੀਵਨ ਦਾ ਇਹ ਬਹੁਤ ਮਹੱਤਵ-ਪੂਰਨ ਮੌਕਾ ਹੁੰਦਾ ਹੈ। ਇਸ ਨੂੰ ਇੱਕ ਰਸਮ (formality) ਹੀ ਨਹੀਂ ਸਮਝਣਾ ਚਾਹੀਦਾ। ਅਜ ਕਲ ਗਲਤ ਰਿਵਾਜ ਪੈ ਗਿਐ ਕਿ ਥੋੜੇ ਜਿਹੇ ਨੇੜੇ ਦੇ ਰਿਸ਼ਤੇਦਾਰ ਹੀ ਅਨੰਦ ਕਾਰਜ ਵੇਲੇ ਹਾਜ਼ਰ ਹੁੰਦੇ ਹਨ, ਅਤੇ ਕਾਹਲੀ ਕਾਹਲੀ "ਕੰਮ ਮੁਕਾ" ਕੇ ਖਾਣ-ਪੀਣ, ਫੋਟੋ ਖਿਚਣ ਜਾਂ ਹੋਰ ਫਜ਼ੂਲ ਤੇ ਦਿਖਾਵੇ/ਹਉਮੈ ਵਾਲੀਆਂ ਰਸਮਾਂ (ਜਿਵੇਂ ਸ਼ਗਨ ਲੈਣ-ਦੇਣ) ਵਲ ਮੂੰਹ ਕੀਤਾ ਜਾਂਦਾ ਹੈ। ਕਈ ਗੁਰਦੁਆਰੇ ਵਾਲੇ ਵੀ ਅਨੰਦ ਕਾਰਜ ਲਈ ਬੜਾ ਥੋੜਾ ਸਮਾਂ (ਅੱਧਾ ਜਾਂ ਇਕ ਘੰਟਾ) ਦੇਣ ਲਗ ਪਏ ਹਨ।

**ਸਾਰਅੰਸ਼** ਵਿਚ, ਅਨੰਦ ਕਾਰਜ ਨੂੰ ਸਿਰਫ ਰਸਮ ਨਾ ਸਮਝੀਏ। ਇਸ ਨੂੰ ਗੁਰਬਾਣੀ ਅਨੁਸਾਰ ਸਮਝਣ ਨਾਲ ਬਹੁਤ ਸਾਰੇ ਸਮਾਜਕ ਭੁਲੇਖੇ ਤੇ ਬੁਰਾਈਆਂ ਖਤਮ ਹੋ ਸਕਦੀਆਂ ਹਨ। ਵਿਆਹ ਤੋਂ ਬਾਅਦ ਲੜਕੇ ਲੜਕੀ ਵਿਚਕਾਰ ਬਰਾਬਰੀ ਦਾ ਰਿਸ਼ਤਾ ਸਮਝ ਕੇ ਰਹਿਣ ਦੀ ਪ੍ਰੇਰਨਾ ਮਿਲਦੀ ਹੈ।

# ਮਾਖਿਉਂ ਮਿੱਠੀ ਬੋਲੀ ਸਾਡੀ
ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ

ਮਾਖਿਉਂ ਮਿੱਠੀ ਬੋਲੀ ਸਾਡੀ,
ਬੋਲੀ ਇਹ ਪੰਜਾਬ ਦੀ ਏ।
ਰਾਵੀ, ਸਤਲੁਜ ਬਿਆਸ ਦੀ ਭਾਸ਼ਾ,
ਜੇਹਲਮ ਅਤੇ ਚਨਾਬ ਦੀ ਏ।

ਇਹ ਬੋਲੀ ਸਾਡੇ ਗੁਰੂਆਂ ਦੀ,
ਪੀਰਾਂ ਅਤੇ ਫਕੀਰਾਂ ਦੀ।
ਨਾਨਕ, ਬੁਲ੍ਹਾ, ਵਾਰਸ,
ਸ਼ਾਹ ਮੁਹੰਮਦ, ਬਾਹੂ, ਵੀਰਾਂ ਦੀ।

ਮਾਈ ਭਾਗੋ, ਬੀਬੀ ਭਾਨੀ,
ਮਾਂ ਗੁਜਰੀ ਦੇ ਜਾਇਆਂ ਦੀ।
ਵਿੱਚ ਦੁਨੀਆਂ ਦੇ ਵੱਸਦੇ ਕੁੱਲ,
ਪੰਜਾਬੀ ਭੈਣਾਂ ਭਾਈਆਂ ਦੀ।

ਗੁਰਮੁਖੀ ਦੇ ਮੁੱਖ ਨੂੰ ਖੁਦ,
ਲਿਸ਼ਕਾਇਆ ਸੀ ਗੁਰੂ ਅੰਗਦ ਨੇ।
ਊੜਾ ਐੜਾ ਫੱਟੀ ਤੇ,
ਲਿਖਵਾਇਆ ਸੀ ਗੁਰੂ ਅੰਗਦ ਨੇ।

ਵਰਣਮਾਲਾ ਦੇ ਸੁੰਦਰ ਅੱਖਰ,
ਗਿਣਤੀ ਵੀ ਇਕਤਾਲ਼ੀ ਏ।
ਦਸ ਮਾਤਰਾ, ਤਿੰਨ ਲਗਾਂਖਰ,
ਹਰ ਧੁਨ ਏਸ ਸੰਭਾਲ਼ੀ ਏ।

ਇਸ ਦਾ ਹਰ ਇੱਕ ਅੱਖਰ ਬੋਲੇ,
ਬਿੰਦੀ ਵੀ ਚੁੱਪ ਰਹਿੰਦੀਨਾ।

ਮਾਹੀਆ,ਢੋਲੇ, ਟੱਪੇ ਗਾਵੇ,
ਦੁੱਖ ਵੀ ਸਾਡਾ ਸਹਿੰਦੀ ਨਾ।

ਆਨ ਸ਼ਾਨ ਹੈ ਬੋਲੀ ਸਾਡੀ,
ਨਾ ਮੁੱਕੀ, ਨਾ ਮੁੱਕਣੀ ਏ।
ਜੇ ਰੱਖੀ ਆਪਾਂ ਪਟਰਾਣੀ,
ਨਾ ਸੁੱਕੀ ਨਾ ਸੁੱਕਣੀ ਏ।

ਰਗ਼ਾਂ ਸਾਡੀਆਂ ਦੇ ਵਿੱਚ ਦੌੜੇ,
ਦੇਵੇ ਠੰਢੜੀ ਛਾਂ ਬੋਲੀ।
ਮਾਂ ਦੇ ਦੁੱਧ 'ਚੋਂ ਮਿਲੀ ਇਹ ਸਾਨੂੰ,
ਮਿੱਠੀ ਲਗਦੀ ਤਾਂ ਬੋਲੀ।

ਭਾਸ਼ਾ ਹੋਰ ਬੋਲੀਏ ਭਾਵੇਂ,
ਦਿਲ ਦੀ ਘੁੰਡੀ ਖੋਲ੍ਹ ਨਾ ਹੁੰਦੀ।
ਮਜ਼ਾ ਪੰਜਾਬੀ ਨੂੰ ਨਹੀਂ ਆਉਂਦਾ,
ਜੇ ਪੰਜਾਬੀ ਬੋਲ ਨਾ ਹੁੰਦੀ।

ਦੋਸ਼ ਕਿਸੇ ਨੂੰ ਦੇਈਏ ਕਾਹਦਾ,
ਜੇ ਆਪੂੰ ਸਤਿਕਾਰੀ ਨਾ।
ਘਰ ਚੋਂ ਬਾਹਰ ਬਿਠਾ ਦਿੱਤੀ ਏ,
ਲੱਗੇ ਕਿਉਂ ਪਿਆਰੀ ਨਾ?

ਮਾਂ ਜਨਣੀ, ਮਾਂ ਬੋਲੀ, ਧਰਤੀ ਮਾਂ,
ਨੂੰ ਜੇ ਭੁੱਲ ਜਾਵਾਂਗੇ।
'ਦੀਸ਼' ਇਹ ਤਿੰਨੇ ਮਾਵਾਂ ਭੁੱਲ ਕੇ,
ਦੁਨੀਆਂ ਵਿੱਚ ਰੁਲ਼ ਜਾਵਾਂਗੇ

## ਪੰਜਾਬ ਵਿਚ ਵਿੱਦਿਆ ਦੇ ਮੰਦਭਾਗ : ਭਾਗ – 1

### (ਬਰਤਾਨਵੀ ਰਾਜ ਦਾ ਯੋਗਦਾਨ)

ਪ੍ਰੋਫੈਸਰ ਡਾ. ਜੈ ਰੂਪ ਸਿੰਘ – ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ



ਜੇ ਬਿਨਾਂ ਕਿਸੇ ਖ਼ੂਨ ਖਰਾਬੇ ਤੋਂ ਕੋਈ ਕੌਮ ਖ਼ਤਮ ਕਰਨੀ ਹੈ ਤਾਂ ਉਸ ਦੀ ਬੋਲੀ ਖ਼ਤਮ ਕਰ ਦੇਵੋ; ਜੇ ਨਸਲ ਖ਼ਤਮ ਕਰਨੀ ਹੈ ਤਾਂ ਉਨਾਂ ਨੂੰ ਨਸ਼ਿਆਂ ’ਤੇ ਲਾ ਦੇਵੋ; ਜੇ ਮੁਲਕ ਖ਼ਤਮ ਕਰਨਾ ਹੈ ਤਾਂ ਉਹਦੀ ਪੜ੍ਹਾਈ ਖ਼ਤਮ ਕਰ ਦੇਵੋ। ਪੰਜਾਬ ਉੱਪਰ ਇਹ ਤਿੰਨੋਂ ਹਮਲੇ ਹੋ ਚੁਕੇ ਹਨ। ਇਨ੍ਹਾਂ ਦੀ ਸ਼ੁਰੂਆਤ ਬਰਤਾਨਵੀ ਰਾਜ ਤੋਂ ਹੋਈ। ਪੰਜਾਬੀ ਜ਼ੁਬਾਨ ਦਾ ਪਤਨ, 1849 ਤੋਂ ਸ਼ੁਰੂ ਹੋ ਗਿਆ ਸੀ ਜਦੋਂ ਅੰਗਰੇਜ਼ਾਂ ਵੱਲੋਂ ਪੰਜਾਬ ’ਤੇ ਪੂਰਾ ਕਬਜ਼ਾ ਕਰ ਲਿਆ ਗਿਆ ਸੀ।

ਇਸ ਦਾ ਖੁਲਾਸਾ ਡਾ. ਜੀ. ਡਬਲਿਊ. ਲਾਈਟਨਰ, ਜਿਸ ਨੂੰ ਅੰਗਰੇਜ਼ੀ ਸਾਮਰਾਜ ਵੱਲੋਂ ਇਸ ਕੰਮ ਦਾ ਬੀੜਾ ਚੁਕਾਇਆ ਗਿਆ ਸੀ, ਦੀ ਆਪਣੀ ਕਿਤਾਬ, ‘ਪੰਜਾਬ ਵਿਚ ਸੁਦੇਸ਼ੀ ਸਿੱਖਿਆ ਦਾ ਇਤਿਹਾਸ ਕਬਜ਼ੇ ਵੇਲੇ ਤੇ 1882 ਤਕ’ ਵਿਚ ਹੈ। ਉਸ ਨੇ ਬੜੇ ਨਿਰਪੱਖ ਤੇ ਸਪਸ਼ਟ ਢੰਗ ਨਾਲ ਪੰਜਾਬ ਦੀ ਅਸਲ ਸਥਿਤੀ ਦਾ ਉਘਾੜ ਆਪਣੀ ਇਸ ਕਿਤਾਬ ਵਿਚ ਕੀਤਾ ਹੈ। ਇਸ ਦਾ ਨਿਚੋੜ, ਉਸ ਦੇ ਆਪਣੇ ਸ਼ਬਦਾਂ ਵਿਚ : ‘ਪੰਜਾਬ ਦੀ ਅਸਲੀ ਸਿੱਖਿਆ ਲੂਲ੍ਹੀ ਕਰ ਦਿੱਤੀ ਗਈ, ਇਸ ’ਤੇ ਠੱਲ੍ਹ ਪਾ ਦਿੱਤੀ ਤੇ ਤਕਰੀਬਨ ਫਨਾ ਕਰ ਦਿੱਤੀ ਹੈ। ਉਸ ਮੁਤਾਬਕ, 1849 ਵੇਲੇ ਕੋਈ ਵੀ ਮਸਜਿਦ, ਮੰਦਰ ਜਾਂ ਧਰਮਸ਼ਾਲਾ ਬਿਨਾਂ ਸਕੂਲ ਤੋਂ ਨਹੀਂ ਸੀ।ਹਜ਼ਾਰਾਂ ਧਰਮ ਨਿਰਪੱਖ ਸਕੂਲ ਅਜਿਹੇ ਸਨ ਜਿਨ੍ਹਾਂ ਵਿਚ ਮੁਸਲਮਾਨ, ਹਿੰਦੂ ਤੇ ਸਿੱਖ ਇਕੱਠੇ ਪੜ੍ਹਦੇ ਸਨ।

ਇਨ੍ਹਾਂ ਵਿਚ ਪਰਸ਼ੀਅਨ ਜਾਂ ਲੰਡਿਆਂ ਦੀ ਪੜ੍ਹਾਈ ਹੁੰਦੀ ਸੀ। ਪਹਿਲਾਂ ਪੰਜਾਬੀ ਨੂੰ ਉਜੱਡਾਂ ਦੀ ਜ਼ੁਬਾਨ ਦਾ ਰੁਤਬਾ ਦੇ ਕੇ ਸਕੂਲਾਂ ਵਿੱਚੋਂ ਕੱਢਿਆ ਗਿਆ ਤੇ ਫੇਰ ਪਰਸ਼ੀਅਨ-ਪੰਜਾਬੀ, ਜੋ ਇਸ ਇਲਾਕੇ ਵਿਚ ਮੁੱਦਤਾਂ ਤੋਂ ਪੜ੍ਹਾਈ ਜਾਂਦੀ ਸੀ, ਉਸ ਦੀ ਥਾਂ ਦਿੱਲੀ ਦੀ ਉਪਭਾਸ਼ਾ ਵਾਲਾ ਉਰਦੂ ਲਾਗੂ ਕੀਤਾ ਗਿਆ ਤੇ ਫੇਰ ਅੰਗਰੇਜ਼ੀ ਨੂੰ ਦਾਖ਼ਲ ਕੀਤਾ। ਉਰਦੂ ਤੇ ਅੰਗਰੇਜ਼ੀ ਦੀ ਮਹਾਰਤ ਨਾਲ ਨੌਂਕਰੀਆਂ ਜੋੜ ਦਿੱਤੀਆਂ ਗਈਆਂ। ਪੰਜਾਬ ਦੀ ਅਸਲ ਸਿੱਖਿਆ, ਦਿਮਾਗ਼ੀ, ਇਖਲਾਕੀ ਤੇ ਸੱਭਿਆਚਾਰਕ ਰੰਗ ਵਿਚ ਰਚੀ ਹੋਈ ਸੀ ਤੇ ਇਹ ਧਰਮ, ਸਮਾਜਕ ਕਰਤੱਵ ਤੇ ਗਿਆਨ ਹਾਸਲ ਕਰਨ ਦਾ ਰਾਹ ਸੀ। ਇਸ ਨੂੰ ਬਦਲ ਕੇ ਇਕ ਨਿਰੋਲ ਦੁਨਿਆਵੀ ਰੰਗਤ ਦੇ ਦਿੱਤੀ ਗਈ ਅਤੇ ਸਿਰਫ਼ ਨੌਂਕਰੀ ਹਾਸਲ ਕਰਨ ਦਾ ਜ਼ਰੀਆ ਬਣਾ ਦਿੱਤਾ ਗਿਆ। ਜਿਹੜੀ ਸਰਵ-ਧਰਮੀ ਸਿੱਖਿਆ, ਸਾਂਝੇ ਅਦਾਰਿਆਂ ਵਿਚ ਚਲਦੀ, ਇਕ ਦੂਸਰੇ ਦੇ ਧਰਮ ਦੀ ਇੱਜ਼ਤ ਕਰਨਾ ਸਿਖਾਉਂਦੀ ਸੀ, ਉਹ ਮੁਕਾ ਦਿੱਤੀ ਗਈ।

ਬਦੇਸ਼ੀ ਜ਼ੁਬਾਨਾਂ (ਉਰਦੂ, ਅੰਗਰੇਜ਼ੀ) ਵਿਚ ਪੜ੍ਹਾਈ ਕਰਨ ਵਾਲੇ ਬੱਚਿਆਂ ਦੀਆਂ ਨਜ਼ਰਾਂ ਵਿਚ ਉਨਾਂ ਦੇ ਮਾਪੇ, ਜੋ ਸਿਰਫ਼ ਪੰਜਾਬੀ, ਲੰਡੇ ਜਾਂ ਪਰਸ਼ੀਅਨ ਹੀ ਜਾਣਦੇ ਸਨ, ਸਾਰੇ ਅਨਪੜ੍ਹ ਬਣਾ ਦਿੱਤੇ ਗਏ। ਉਨਾਂ ਲਈ ਅਸਲ ਸਿੱਖਿਆ ਹੁਣ ਸਿਰਫ਼ ਬਰਤਾਨਵੀਂ ਸਰਕਾਰ ਦੀ ਸਕੂਲੀ ਸਿੱਖਿਆ ਹੀ ਰਹਿ ਗਈ। ਨਤੀਜੇ ਵਜੋਂ ਉਨਾਂ ਨੂੰ ਆਪਣੇ ਮਾਪਿਆਂ ਤੋਂ ਜੋ ਅਸਲ, ਇਖਲਾਕੀ, ਨੈਤਿਕ ਤੇ ਜ਼ਿੰਦਗੀ ਦੇ ਵਿਹਾਰਕ ਫ਼ਰਜ਼ਾਂ ਦੀ ਸਿੱਖਿਆ ਲੈਣੀ ਸੀ ਉਸ ਤੋਂ ਵਾਂਝੇ ਕਰ ਦਿੱਤਾ ਗਿਆ। ਇਹ ਬਰਤਾਨਵੀ ਸਰਕਾਰ ਨੂੰ ਬਹੁਤ ਅਨੁਕੂਲ ਆਉਂਦਾ ਸੀ। ਇਹ ਇਕ ਦੋਖ਼ਧਾਰੀ ਹਮਲਾ ਸੀ. ਇਕ ਪਾਸੇ ਅਸਲ ਪੜ੍ਹਾਈ ਖ਼ਤਮ ਕਰ ਦਿੱਤੀ ਗਈ; ਪੜ੍ਹੇ ਲਿਖੇ ਅਨਪੜ੍ਹ ਬਣਾ ਦਿੱਤੇ ਗਏ ਤੇ ਅਨਪੜ੍ਹਤਾ ਦੀ ਆੜ ਵਿਚ ਬਜ਼ੁਰਗਾਂ ਦੀ ਕਦਰ ਘਟਾ ਦਿੱਤੀ ਗਈ।

ਅੰਗਰੇਜ਼ਾਂ ਦੀ ਦਲੀਲ ਸੀ ਕਿ ਉਹ ਵਧੀਆ ਕਿਸਮ ਦੀ ਉੱਤਮ ਸਿੱਖਿਆ ਦੇ ਰਹੇ ਹਨ ਜਿਸ ਨੂੰ ਹਾਸਲ ਕਰਨ ਉਪਰੰਤ ਦੇਸੀਆਂ ਨੂੰ ਸਰਕਾਰੀ ਨੌਕਰੀਆਂ ਮਿਲ ਸਕਣਗੀਆਂ।ਇਨ੍ਹਾਂ ਕਾਰਵਾਈਆਂ ਦੀ ਬਦੌਲਤ, ਡਾ. ਲਾਈਟਨਰ ਦੇ ਆਪਣੇ ਸ਼ਬਦਾਂ ਮੁਤਾਬਕ : "ਇਸ ਵਿਚ ਕੋਈ ਸ਼ੱਕ ਨਹੀਂ ਕਿ ਬਰਤਾਨਵੀਂ ਰਾਜ ਦੌਰਾਨ ਸੁਦੇਸੀ ਸਿੱਖਿਆ ਤਹਿਸ ਨਹਿਸ ਹੋਈ ਅਤੇ ਅਨਪੜ੍ਹਤਾ ਵਧੀ ਹੈ"। ਉਸ ਦੇ ਦਿੱਤੇ ਅੰਕੜਿਆਂ ਮੁਤਾਬਕ ਪੰਜਾਬ ਉੱਪਰ ਅੰਗਰੇਜ਼ੀ ਕਬਜ਼ਾ ਹੋਣ ਵੇਲੇ 1849 ਵਿਚ ਘੱਟੋ ਘੱਟ 3,30,000 ਬੱਚੇ ਸਕੂਲਾਂ ਵਿਚ ਪੜ੍ਹਦੇ ਸਨ ਪਰ ਇਹ 1882 ਵਿਚ ਸਿਰਫ਼ 1,90,000 ਦੇ ਕਰੀਬ ਰਹਿ ਗਏ।

ਉਸ ਵੇਲੇ ਪੰਜਾਬ ਦਾ ਹੁਸ਼ਿਆਰਪੁਰ ਜ਼ਿਲ੍ਹਾ ਜੋ ਪਿਛੜਿਆ ਗਿਣਿਆ ਜਾਂਦਾ ਸੀ, ਉੱਥੇ ਵੀ 1849 ਵਿਚ ਹਰ 1782 ਨਿਵਾਸੀਆਂ ਪਿੱਛੇ ਇਕ ਸਕੂਲ ਸੀ, ਪਰ 1882 ਵਿਚ ਇਹ ਘੱਟ ਕੇ ਹਰ 2819 ਨਿਵਾਸੀਆਂ ਪਿੱਛੇ ਇਕ ਸਕੂਲ ਰਹਿ ਗਿਆ। ਇਸ ਤਰਾਂ ਦੀਆਂ ਅਨੇਕਾਂ ਮਿਸਾਲਾਂ ਨਾਲ ਇਹ ਕਿਤਾਬ ਭਰੀ ਪਈ ਹੈ ਕਿ ਕਿਵੇਂ ਪੰਜਾਬੀ ਬੋਲੀ ਅਤੇ ਪੜ੍ਹਾਈ ਦੋਨੋਂ ਤਬਾਹ ਕੀਤੀਆਂ ਗਈਆਂ।

ਇਹ ਇਕ ਸੋਚੀ ਸਮਝੀ ਵਿਉਂਤ ਰਾਹੀਂ ਕੀਤਾ ਗਿਆ ਸੀ। ਬਰਤਾਨਵੀਂ ਸਰਕਾਰ ਦਾ ਟੀਚਾ ਅਜਿਹੇ ਬਸ਼ਿੰਦੇ ਬਣਾਉਣੇ ਸਨ ਜੋ ਬਰਤਾਨਵੀਂ ਹਕੂਮਤ ਨੂੰ ਬਰਕਰਾਰ ਰੱਖਣ ਵਿਚ ਅਹਿਮ ਭੂਮਿਕਾ ਅਦਾ ਕਰਨ। ਉਨਾਂ ਨੂੰ ਹੇਠਲੀਆਂ ਪੱਧਰਾਂ ਤੇ ਅਧੀਨ ਅਹਿਲਕਾਰ ਚਾਹੀਦੇ ਸਨ। ਇਸ ਲਈ ਇਕ ਅਜਿਹੀ ਸ਼੍ਰੇਣੀ ਬਨਾਉਣੀ ਸੀ ਜੋ ਦੇਖਣ ਨੂੰ ਤੇ ਦੇਸੀ ਹੋਵੇ ਪਰ ਸੋਚ, ਵਿਚਾਰ, ਰੁਚੀ ਤੇ ਸ਼ੌਕ ਵਿਚ ਵਲੈਤੀ ਹੋਵੇ ਤੇ ਦੋ-ਭਾਸ਼ੀਆ ਨੁਮਾਇੰਦਿਆਂ ਵਾਂਗ ਅੰਗਰੇਜ਼ਾਂ ਦੇ ਹੁਕਮਾਂ ਨੂੰ ਮੁਸਤੈਦੀ ਨਾਲ ਲਾਗੂ ਕਰੇ ਤਾਂ ਜੋ ਅੰਗਰੇਜ਼ਾਂ ਨੂੰ ਰਾਜ ਕਰਨਾ ਸੁਖਾਵਾਂ ਹੋਵੇ। ਇਸ ਦਾ ਨਤੀਜਾ ਇਹ ਹੋਇਆ ਕਿ ਜੋ ਪੜ੍ਹਾਈ ਪਹਿਲਾਂ ਅਕਲ ਦਿੰਦੀ ਸੀ ਉਹ ਡਿਗਰੀਆਂ ਲੈਣ ਤਕ ਸੀਮਤ ਹੋ ਕੇ ਨੌਕਰੀਆਂ ਰਾਹੀਂ ਹਕੂਮਤ ਦੇ ਭਾਈਵਾਲ ਬਣ ਕੇ ਗੁਲਾਮੀ ਨੂੰ ਸਥਾਈ ਬਣਾਉਣ ਲਈ ਸਹਾਈ ਹੋ ਗਈ। ਇਹ ਸਿਲਸਿਲਾ ਬਾਖੂਬੀ ਆਜ਼ਾਦੀ ਤਕ ਚੱਲਦਾ ਰਿਹਾ। ਆਜ਼ਾਦੀ ਤੋਂ ਬਾਅਦ ਦੀਆਂ ਰਾਜ ਸਰਕਾਰਾਂ ਨੂੰ ਵੀ ਇਹ ਹਕੂਮਤ ਕਰਨ ਦਾ ਤਰੀਕਾ ਪਸੰਦ ਆਇਆ ਜਿਸ ਕਰਕੇ ਇਹ ਹੁਣ ਤਾਈਂ ਵੱਧ ਫੁੱਲ ਰਿਹਾ ਹੈ।

## ਸਿੱਧ ਗੋਸਟਿ ਦਾ ਸਾਰ (ਭਾਗ – 2)

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

(ਇਸ ਲੜੀ ਦਾ ਭਾਗ – 1 ਆਪ ਜਨਵਰੀ 2024 ਦੇ ਅੰਕ ਵਿਚ ਪੜ੍ਹ ਸਕਦੇ ਹੋ ਜੀ)

ਸਿੱਧਾਂ ਦਾ ਇਹ ਵਿਸ਼ਵਾਸ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਕਿਹਾ ਕਿ ਸੰਸਾਰ ਵਿੱਚ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਦੇ ਬਗ਼ੈਰ ਨਹੀਂ ਮਿਲਦੇ। ਹੋਰ ਸਬ ਭਟਕਣਾਂ ਹਨ।

ਸਿੱਧਾਂ ਦੇ ਪੁਛੇ ਗਏ ਕੁਝ ਪ੍ਰਸ਼ਨ ਅਤੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਇਸ ਲੜੀ ਵਿਚ ਹਨ।

ਪ੍ਰਸ਼ਨ : ਕਿਵੇਂ ਮਨੁੱਖ ਨੂੰ ਬੰਧਨ ਵਿੱਚ ਰੱਖਿਆ ਜਾਂਦਾ ਹੈ, ਅਤੇ ਮਾਇਆ ਦੇ ਸੱਪ ਦੁਆਰਾ ਭਸਮ ਕੀਤਾ ਜਾਂਦਾ ਹੈ? ਕੋਈ ਕਿਵੇਂ ਹਾਰਦਾ ਹੈ, ਅਤੇ ਜਿੱਤਦਾ ਹੈ? ਕੋਈ ਪਵਿੱਤਰ ਅਤੇ ਅਪਵਿੱਤਰ ਕਿਵੇਂ ਹੁੰਦਾ ਹੈ? ਅਗਿਆਨਤਾ ਦਾ ਹਨੇਰਾ ਕਿਵੇਂ ਦੂਰ ਹੁੰਦਾ ਹੈ? ਇਸ ਤੱਤ ਨੂੰ ਸਮਝਣ ਵਾਲਾ ਸਾਡਾ ਗੁਰੂ ਹੈ।

ਉਤੱਰ : ਮਨੁੱਖ ਖੋਟੀ ਮੱਤ ਵਿੱਚ ਜਕੜਿਆ ਹੋਇਆ ਹੈ, ਮਾਇਆ ਦਾ ਸੱਪ ਉਸ ਨੂੰ ਖਾਂਦਾ ਹੈ। ਮਨਮੁਖ ਗੁਆ ਲੈਂਦਾ ਹੈ ਅਤੇ ਗੁਰਮੁਖ ਲਾਭ ਪ੍ਰਾਪਤ ਕਰਦਾ ਹੈ। ਸੱਚੇ ਗੁਰੂ ਨੂੰ ਮਿਲਿਆਂ ਹਨੇਰਾ ਦੂਰ ਹੁੰਦਾ ਹੈ। ਹੰਕਾਰ ਨੂੰ ਮਿਟਾ ਕੇ ਪ੍ਰਭੂ ਵਿੱਚ ਅਭੇਦ ਹੋਈਦਾ ਹੈ। ਬੰਦੇ ਦਾ ਸੱਚਾ ਘਰ ਆਤਮਕ ਅਡੋਲਤਾ ਵਿੱਚ ਹੈ। ਸੱਚਾ ਸੁਆਮੀ ਉਨ੍ਹਾਂ ਨੂੰ ਪਿਆਰ ਕਰਦਾ ਹੈ ਜੋ ਸੱਚੇ ਹਨ।

ਪ੍ਰਸ਼ਨ : ਤੁਸੀਂ ਘਰ ਛੱਡ ਕੇ ਉਦਾਸੀ ਕਿਉਂ ਬਣੇ ਹੋ? ਇਹ ਧਾਰਮਿਕ ਬਸਤਰ ਕਿਉਂ ਪਹਿਨੇ ਹਨ? ਕਿਹੜਾ ਵਪਾਰ ਕਰਦੇ ਹੋ? ਤੁਸੀਂ ਦੂਜਿਆਂ ਨੂੰ ਆਪਣੇ ਨਾਲ ਕਿਵੇਂ ਲੈ ਜਾ ਸਕੋਗੇ?

ਉਤੱਰ : ਮੈਂ ਗੁਰਮੁਖਾਂ ਨੂੰ ਲੱਭਦਾ ਫਿਰਦਾ ਹੋਇਆ ਉਦਾਸੀ ਬਣ ਗਿਆ ਹਾਂ। ਪ੍ਰਭੂ ਦੇ ਦਰਸ਼ਨ ਦੀ ਪ੍ਰਾਪਤੀ ਲਈ ਇਹ ਬਸਤਰ ਧਾਰਨ ਕੀਤੇ ਹਨ। ਮੈਂ ਸੱਚ ਦਾ ਵਪਾਰ ਕਰਦਾ ਹਾਂ। ਗੁਰਮੁਖਿ ਹੋਇ, ਮੈਂ ਹੋਰਾਂ ਨੂੰ ਪਾਰ ਉਤਾਰਦਾ ਹਾਂ।

ਪ੍ਰਸ਼ਨ : ਤੁਸੀਂ ਆਪਣੀ ਜ਼ਿੰਦਗੀ ਦਾ ਰਾਹ ਕਿਵੇਂ ਬਦਲਿਆ ਹੈ, ਮਨ ਨੂੰ ਕਿਸ ਨਾਲ ਜੋੜਿਆ ਹੈ? ਆਪਣੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਕਿਵੇਂ ਕਾਬੂ ਕੀਤਾ ਹੈ? ਆਪਣੇ ਅੰਦਰ ਰੌਸ਼ਨੀ ਨੂੰ ਕਿਵੇਂ ਲੱਭਿਆ ਹੈ? ਦੰਦਾਂ ਤੋਂ ਬਿਨਾਂ, ਲੋਹਾ ਕਿਵੇਂ ਖਾ ਸਕਦੇ ਹੋ? ਆਪਣੀ ਸੱਚੀ ਰਾਏ ਦਿਓ।

ਉਤੱਰ : ਸੱਚੇ ਗੁਰਾਂ ਦੇ ਘਰ ਜਨਮ ਲੈ ਕੇ, ਮੇਰੀ ਜੂਨਾਂ ਵਿਚ ਭਟਕਣਾ ਮੁੱਕ ਗਈ। ਮੇਰਾ ਮਨ ਅਟੁੱਟ ਧੁਨੀ ਨਾਲ ਜੁੜਿਆ ਹੋਇਆ ਹੈ। ਸ਼ਬਦ ਦੀ ਰਾਹੀਂ ਮੇਰੀਆਂ ਆਸਾਂ ਤੇ ਖਾਹਿਸ਼ਾਂ ਸੜ ਗਈਆਂ ਹਨ। ਗੁਰਮੁਖ ਹੋ ਕੇ ਮੈਂ ਆਪਣੇ ਅੰਦਰ ਪ੍ਰਕਾਸ਼ ਪਾਇਆ ਹੈ। ਤਿੰਨਾਂ ਗੁਣਾਂ ਨੂੰ ਮਿਟਾ ਕੇ ਬੰਦਾ ਲੋਹਾ ਖਾਂਦਾ ਹੈ।

ਪ੍ਰਸ਼ਨ : ਸਾਨੂੰ ਸ਼ੁਰੂਆਤ ਬਾਰੇ ਕੀ ਦੱਸ ਸਕਦੇ ਹੋ? ਉਸ ਸਮੇਂ ਪ੍ਰਭੂ ਕਿਸ ਘਰ ਵਿੱਚ ਰਹਿੰਦਾ ਸੀ? ਅਧਿਆਤਮਿਕ ਗਿਆਨ ਕੀ ਹੈ?

ਹਰੇਕ ਦਿਲ ਵਿੱਚ ਕੌਣ ਵੱਸਦਾ ਹੈ? ਮੌਤ ਦੇ ਹਮਲੇ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਨਿਡਰਤਾ ਕਿਵੇਂ ਮਿਲਦੀਾ ਹੈ? ਕੋਈ ਅੰਤਰ-ਦ੍ਰਿਸ਼ਟੀ ਅਤੇ ਸੰਤੋਖ ਦੀ ਸਥਿਤੀ ਨੂੰ ਕਿਵੇਂ ਜਾਣ ਸਕਦਾ ਹੈ, ਅਤੇ ਆਪਣੇ ਵਿਰੋਧੀਆਂ ਨੂੰ ਕਿਵੇਂ ਦੂਰ ਕਰ ਸਕਦਾ ਹੈ?

ਉਤੱਰ : ਗੁਰਾਂ ਦੇ ਉਪਦੇਸ਼ ਦੁਆਰਾ, ਹੰਕਾਰ ਅਤੇ ਵਿਕਾਰਾਂ ਨੂੰ ਜਿੱਤਿਆ ਜਾਂਦਾ ਹੈ, ਅਤੇ ਫਿਰ ਮਨੁੱਖ ਆਪਣੇ ਘਰ ਵਿਚ ਆ ਵੱਸਦਾ ਹੈ। ਜੋ ਸ੍ਰਿਸ਼ਟੀ ਰਚਣ ਵਾਲੇ ਪ੍ਰਭੂ ਦੇ ਸ਼ਬਦ ਨੂੰ ਅਨੁਭਵ ਕਰਦਾ ਹੈ, ਨਾਨਕ ਉਸ ਦਾ ਗੋਲਾ ਹੈ।

ਪ੍ਰਸ਼ਨ : ਅਸੀਂ ਕਿੱਥੋਂ ਆਏ ਹਾਂ, ਕਿੱਥੇ ਜਾ ਰਹੇ ਹਾਂ ਅਤੇਂ ਕਿੱਥੇ ਲੀਨ ਹੋਵਾਂਗੇ?

ਉਤੱਰ ; ਇਸ ਦਾ ਅਰਥ ਦੱਸਣ ਵਾਲਾ ਉਹ ਗੁਰੂ ਹੈ, ਜਿਸ ਨੂੰ ਕੋਈ ਲਾਲਚ ਨਹੀਂ ਹੈ।

ਪ੍ਰਸ਼ਨ : ਅਪ੍ਰਗਟ ਅਸਲੀਅਤ ਦਾ ਸਾਰ ਕਿਵੇਂ ਲੱਭ ਸਕਦਾ ਹੈ? ਗੁਰਮੁਖ ਕਿਵੇਂ ਬਣ ਜਾਂਦਾ ਹੈ, ਅਤੇ ਪ੍ਰਭੂ ਨਾਲ ਪਿਆਰ ਕਿਵੇਂ ਪੈਦਾ ਹੁੰਦਾ ਹੈ?

ਉਤੱਰ : ਉਹ ਆਪੇ ਹੀ ਚੇਤਨਾ ਹੈ; ਆਪੇ ਸਿਰਜਣਹਾਰੁ;

ਪ੍ਰਸ਼ਨ : ਸਾਡੇ ਨਾਲ ਆਪਣੇ ਵਿਚਾਰ ਸਾਂਝੇ ਕਰਗੋ, ਹੇ ਨਾਨਕ,?

ਉਤੱਰ : ਉਸਦੇ ਹੁਕਮ ਨਾਲ ਅਸੀਂ ਆਉਂਦੇ ਹਾਂ, ਅਤੇ ਹੁਕਮ ਨਾਲ ਹੀ ਜਾਂਦੇ ਹਾਂ, ਹੁਕਮ ਦੁਆਰਾ ਉਸ ਵਿਚ ਲੀਨ ਹੋ ਜਾਂਦੇ ਹਾਂ। ਪੂਰਨ ਗੁਰਾਂ ਦੇ ਰਾਹੀਂ, ਸੱਚ ਨੂੰ ਜੀਉ। ਗੁਰਾਂ ਦੇ ਸ਼ਬਦ ਦੁਆਰਾ, ਇੱਜ਼ਤ ਦੀ ਅਵਸਥਾ ਪ੍ਰਾਪਤ ਹੁੰਦੀ ਹੈ।

ਅਸੀਂ ਸਿਰਫ ਸ਼ੁਰੂਆਤ ਬਾਰੇ ਹੈਰਾਨੀ ਹੀ ਪ੍ਰਗਟ ਕਰ ਸਕਦੇ ਹਾਂ। ਪੂਰਨ ਪ੍ਰਭੂ ਸਾਡੇ ਅੰਦਰ ਵੱਸਦਾ ਹੈ। ਗੁਰਾਂ ਦੇ ਉਪਦੇਸ਼ ਦੁਆਰਾ ਮਨੁੱਖ ਉਸ ਵਿੱਚ ਅਭੇਦ ਹੋ ਜਾਂਦਾ ਹੈ। ਸਹਿਜੇ ਹੀ ਪਵਿੱਤ੍ਰ ਤੱਤ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਕਿਸੇ ਹੋਰ ਦੀ ਸੇਵਾ ਨਹੀਂ ਕਰਦਾ। ਅਦਭੁਤ ਹੈ ਉਸਦਾ ਹੁਕਮ, ਕੇਵਲ ਉਹ ਹੀ ਉਸ ਨੂੰ ਸਮਝਦਾ ਹੈ ਅਤੇ ਜੀਵਾਂ ਦੀ ਅਸਲੀਅਤ ਨੂੰ ਜਾਣਦਾ ਹੈ। ਜੋ ਸਵੈ-ਹੰਗਤਾ ਨੂੰ ਮਿਟਾ ਦਿੰਦਾ ਹੈ ਉਹ ਇੱਛਾ ਤੋਂ ਰਹਿਤ ਹੋ ਜਾਂਦਾ ਹੈ। ਕੇਵਲ ਉਹ ਹੀ ਯੋਗੀ ਹੈ।

ਸੱਚੇ ਗੁਰਾਂ ਨੂੰ ਪ੍ਰਸੰਨ ਕਰਿਆਂ ਪਰਮ ਦਰਜਾ ਮਿਲਦਾ ਹੈ, ਅਤੇ ਮਨੁੱਖ ਸੱਚੇ ਸ਼ਬਦ ਵਿਚ ਲੀਨ ਹੋ ਜਾਂਦਾ ਹੈ। ਉਹ ਸੱਚੇ ਸੁਆਮੀ ਨੂੰ ਕੇਵਲ ਇੱਕ ਹੀ ਜਾਣਦਾ ਹੈ, ਆਪਣੇ ਹੰਕਾਰ ਨੂੰ ਦੂਰ ਕਰਦਾ ਹੈ। ਉਹੀ ਯੋਗੀ ਹੈ ਜੋ ਗੁਰ-ਉਪਦੇਸ਼ ਨੂੰ ਅਨੁਭਵ ਕਰਦਾ ਹੈ। ਦਿਲ ਦਾ ਕਮਲਂ ਖਿੜਦਾ ਹੈ ਜੇ ਜੀਵ ਜੀਉਂਦਾ ਮਰਿਆ ਰਹੇ। ਉਹ ਸਭ ਕੁਝ ਸਮਝਦਾ ਹੈ, ਆਪਣੇ ਅੰਦਰ ਸੁਆਮੀ ਨੂੰ ਜਾਣਦਾ ਹੈ, ਜੋ ਦਇਆਵਾਨ ਹੈ। ਉਹ ਆਪਣੇ ਆਪ ਨੂੰ ਸਾਰੇ ਜੀਵਾਂ ਵਿਚ ਅਨੁਭਵ ਕਰਦਾ ਹੈ। ਅਸੀਂ ਸਾਰੇ ਸੱਚੇ ਪ੍ਰਭੂ ਤੋਂ ਆਉਂਦੇ ਹਾਂ, ਅਤੇ ਦੁਬਾਰਾ ਉਸੇ ਵਿਚ ਅਭੇਦ ਹੋ ਜਾਂਦੇ ਹਾਂ। ਪਵਿਤ੍ਰ ਜੀਵ ਭਟਕਦਾ ਨਹੀਂ, ਉਹ ਇਕੋ ਵਿਚ ਲੀਨ ਹੋ ਜਾਂਦਾ ਹੈ।

****************************************

**Lecture by Dr Kala Singh about Date of Birth of Guru Nanak.**

**https://www.youtube.com/watch?v=9vtO02P3tOU**

****************************

**Global Sikh Council**
Voice of Sikhs Worldwide
www.globalsikhcouncil.org

## ਪੰਜਾਬ ਵਿੱਚ ਪੰਜਾਬੀ ਦੀ ਸੰਭਾਲ” ਵਿਸ਼ੇ 'ਤੇ ਗਲੋਬਲ ਸਿੱਖੀ ਸਕਾਲਰ ਗਰੁੱਪ ਦੁਆਰਾ 20/21, ਦਸੰਬਰ 2023, ਅਤੇ ਜਨਵਰੀ 17/18, 2024 ਨੂੰ ਕਰਵਾਏ ਗਏ ਵੈਬੀਨਾਰ ਦੌਰਾਨ ਪ੍ਰਾਪਤ ਹੋਏ ਸੁਝਾਅ।

### ਪੰਜਾਬ ਸਰਕਾਰ ਲਈ ਸੁਝਾਅ

 ਵਿਦੇਸ਼ੀ ਮੂਲ ਦੇ ਤਕਨੀਕੀ ਸ਼ਬਦ ਜੋ ਆਮ ਵਰਤੋਂ ਵਿੱਚ ਹਨ ਅਤੇ ਪੰਜਾਬੀ ਵਿੱਚ ਅਪਣਾਅ ਲਏ ਗਏ ਹਨ ਉਨ੍ਹਾਂ ਦਾ ਅਨੁਵਾਦ ਕਰਨ ਦੀ ਲੋੜ ਨਹੀਂ ਹੈ।
 ਉਹ ਸ਼ਬਦ, ਖਾਸ ਤੌਰ 'ਤੇ ਫਾਰਸੀ/ਅਰਬੀ ਮੂਲ ਦੇ, ਜੋ ਕਿ ਸਾਡੇ ਪੌਂਡੂ ਲੋਕਾਂ ਦੁਆਰਾ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਰਤੇ ਜਾ ਰਹੇ ਹਨ ਅਤੇ ਲੋਕ ਬੋਲੀ ਵਿੱਚ ਘੁਲਮਿਲ ਗਏ ਹਨ, ਨੂੰ ਹੋਰਨਾਂ ਬੋਲੀਆਂ ਦੇ ਸ਼ਬਦਾਂ ਨਾਲ ਨਹੀਂ ਬਦਲਿਆ ਜਾਣਾ ਚਾਹੀਦਾ।
 ਪ੍ਰਾਈਵੇਟ ਸਕੂਲ ਜੋ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਤੋਂ ਵਰਜਦੇ ਹਨ, ਨਾਲ ਕਾਨੂੰਨੀ ਤੌਰ 'ਤੇ ਨਜਿੱਠਿਆ ਜਾਣਾ ਚਾਹੀਦਾ ਹੈ। ਰਾਜ ਸਰਕਾਰ ਕੋਲ ਅਜਿਹਾ ਕਰਨ ਲਈ ਕਾਨੂੰਨੀ ਸ਼ਕਤੀ ਹੈ।
 ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵਿਦਵਾਨ ਮੁੱਖ ਤੌਰ 'ਤੇ ਪੰਜਾਬੀ ਭਾਸ਼ਾ ਦੇ ਢਾਂਚੇ ਨੂੰ ਵਿਗਾੜਨ ਲਈ ਜ਼ਿੰਮੇਵਾਰ ਹਨ। ਜਿੱਥੇ ਸਧਾਰਨ ਪੰਜਾਬੀ ਸ਼ਬਦ ਉਪਲਬਧ ਹਨ, ਉਹ ਬੇਲੋੜੇ ਹਿੰਦੀ/ ਸੰਸਕ੍ਰਿਤ ਸ਼ਬਦਾਂ ਨੂੰ ਸ਼ਾਮਲ ਕਰ ਰਹੇ ਹਨ।
 ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਅਤੇ ਬਹੁਤ ਸਾਰੇ ਹੋਰ ਖੇਤਰ ਜਿਵੇਂ ਇੰਜੀਨੀਅਰਿੰਗ, ਕਾਨੂੰਨ, ਦਵਾਈਆਂ, ਮਾਲੀਆ ਪ੍ਰਣਾਲੀ, ਖੇਡਾਂ ਅਤੇ ਵਿਗਿਆਨ ਵਰਗੇ ਸਾਰੇ ਵਿਸ਼ਿਆਂ 'ਤੇ ਤਕਨੀਕੀ ਸ਼ਬਦਾਂ ਦੀ ਮਿਆਰੀ ਪੰਜਾਬੀ ਸ਼ਬਦਾਂ ਦੀ ਇੱਕ ਸ਼ਬਦਾਵਲੀ/ਕੋਸ਼ ਬਣਾਇਆ ਜਾਣਾ ਚਾਹੀਦਾ ਹੈ।
 ਸੰਚਾਰ/ਕਿਤਾਬ/ਸਾਈਨ ਬੋਰਡ ਆਦਿ ਕਿਸੇ ਵੀ ਸ਼ਬਦ-ਜੋੜ ਵਿਚ ਕੋਈ ਗਲਤੀ ਨਹੀਂ ਹੋਣੀ ਚਾਹੀਦੀ। ਇਨ੍ਹਾਂ ਸੇਵਾਵਾਂ ਨੂੰ ਪ੍ਰਾਪਤ ਕਰਨ ਲਈ ਸਥਾਨਿਕ ਕੰਪਨੀਆਂ/ਠੇਕੇਦਾਰਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਹ ਦੇਖਿਆ ਗਿਆ ਹੈ ਕਿ ਹੋਰਾਂ ਰਾਜਾਂ ਦੇ ਠੇਕੇਦਾਰ/ਕੰਪਨੀਆਂ ਮੁੱਖ ਤੌਰ 'ਤੇ ਸਾਈਨ ਬੋਰਡ ਤੇ ਗਲਤ ਸਪੈਲਿੰਗ ਲਈ ਜ਼ਿੰਮੇਵਾਰ ਹਨ
ਪੰਜਾਬ ਵਿੱਚ ਨੌਕਰੀਆਂ ਲਈ ਪੰਜਾਬੀ ਦਾ ਗਿਆਨ ਸਾਰਿਆਂ ਲਈ ਲਾਜ਼ਮੀ ਵਿਸ਼ੇ ਵਜੋਂ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਇਸ ਉਦੇਸ਼ ਲਈ ਕਾਨੂੰਨੀ ਵਿਵਸਥਾ ਪਹਿਲਾਂ ਹੀ ਮੌਜੂਦ ਹੈ, ਸਿਰਫ਼ ਲਾਗੂ ਕਰਨ ਦੀ ਲੋੜ ਹੈ।

www.globalsikhcouncil.org 1/4 www.sikhwisdom.org

□ਕੋਈ ਵੀ ਭਾਸ਼ਾ ਤਾਂ ਹੀ ਵਿਕਸਤ ਹੋ ਸਕਦੀ ਹੈ ਜੇਕਰ ਇਹ ਰਾਜ ਦੀ ਅਧਿਕਾਰਤ ਭਾਸ਼ਾ ਹੋਵੇ ਕਿਉਂਕਿ ਸਿਰਫ ਸਰਕਾਰੀ ਭਾਸ਼ਾ ਹੀ ਰੁਜ਼ਗਾਰ ਦੀ ਭਾਸ਼ਾ ਬਣ ਸਕਦੀ ਹੈ ਲੋਕ ਇੱਕ ਭਾਸ਼ਾ ਤਾਂ ਹੀ ਸਿੱਖਣਗੇ/ਸੰਚਾਰ ਕਰਨਗੇ ਜਦੋਂ ਇਹ ਉਹਨਾਂ ਨੂੰ ਰੁਜ਼ਗਾਰ ਦੇਵੇਗੀ।

□ ਪੰਜਾਬ ਹੁਣ ਤੱਕ ਮੰਦਭਾਗਾ ਰਿਹਾ ਹੈ ਕਿ ਸਾਰੀਆਂ ਸਰਕਾਰਾਂ ਵਲੋਂ ਪੰਜਾਬੀ ਨੂੰ ਬਣਦਾ ਹੱਕ ਦੇਣ ਲਈ ਲੋੜੀਂਦੀ ਇੱਛਾ ਸ਼ਕਤੀ ਦੀ ਘਾਟ ਰਹੀ ਹੈ।

# ਭਾਰਤ ਦੇ ਸੰਵਿਧਾਨ ਅਨੁਸਾਰ, ਭਾਸ਼ਾ ਰਾਜ ਦਾ ਵਿਸ਼ਾ ਹੈ, ਪਰ 1973 ਵਿਚ ਕੇਂਦਰ ਸਰਕਾਰ ਨੇ ਭਾਸ਼ਾ ਨੂੰ ਸਮਕਾਲੀ ਸੂਚੀ ਵਿੱਚ ਪਾ ਦਿੱਤਾ ਹੈ। ਇਸ ਨਾਲ ਅੰਗਰੇਜ਼ੀ/ਹਿੰਦੀ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

□ ਭਾਵੇਂ ਜਨਵਰੀ 1968 ਤੋਂ ਪੰਜਾਬ ਸਰਕਾਰੀ ਭਾਸ਼ਾ (ਰਾਜਭਾਸ਼ਾ) ਐਕਟ ਮੌਜੂਦ ਹੈ ਜਿਸ ਅਨੁਸਾਰ ਸਰਕਾਰੀ ਕਾਰੋਬਾਰ ਪੰਜਾਬੀ ਵਿੱਚ ਕਰਨ ਲਈ ਇਕੋ-ਇਕ ਭਾਸ਼ਾ ਘੋਸ਼ਿਤ ਕੀਤੀ ਗਈ ਅਤੇ ਸਾਲ 2008 ਵਿੱਚ ਇੱਕ ਸੋਧ ਕੀਤੀ ਗਈ ਸੀ ਜੋ ਇਹ ਲਾਜ਼ਮੀ ਬਣਾਉਂਦੀ ਹੈ ਕਿ ਜ਼ਿਲ੍ਹਾ ਅਦਾਲਤਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਵੇ। ਹਾਈ ਕੋਰਟ ਵਿੱਚ ਰਾਜ ਭਾਸ਼ਾ ਵਰਤੋਂ ਲਈ ਵੱਖਰਾ ਕੇਂਦਰ ਸਰਕਾਰ ਦਾ ਕਾਨੂੰਨ ਮੌਜੂਦ ਹੈ ਪਰ ਇਸ ਮਕਸਦ ਲਈ ਲੋੜੀਂਦਾ ਬੁਨਿਆਦੀ ਢਾਂਚਾ ਪੰਜਾਬ ਸਰਕਾਰਾਂ ਵੱਲੋਂ ਨਹੀਂ ਬਣਾਇਆ ਗਿਆ ਹੈ। ਇਸ ਬੁਨਿਆਦੀ ਢਾਂਚੇ ਵਿੱਚ ਸਟੈਨੋਗ੍ਰਾਫਰ/ਅਨੁਵਾਦਕ/ਫੈਸਲਾ ਲੇਖਕ ਆਦਿ ਭਰਤੀ ਕਰਨਾ ਸ਼ਾਮਲ ਹੈ।ਇਸ ਤਰ੍ਹਾਂ, ਰਾਜਨੀਤਕ ਪਾਰਟੀਆਂ ਵਲੋਂ ਪੰਜਾਬੀ ਨੂੰ ਬਣਦਾ ਹੱਕ ਦੇਣ ਦੀ ਸਿਆਸੀ ਲੀਡਰਸ਼ਿਪ ਵਿੱਚ ਇੱਛਾ ਸ਼ਕਤੀ ਦੀ ਘਾਟ ਰਹੀ ਜਾਪਦੀ ਹੈ।

□ ਹਰਿਆਣਾ ਸਰਕਾਰ ਨੇ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਭਾਸ਼ਾ ਹਿੰਦੀ ਬਨਾਉਣ ਲਈ ਹਰ ਤਰ੍ਹਾਂ ਦੀ ਮਦਦ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਤੇ ਹਰਿਆਣਾ ਦੀ ਹਾਈਕੋਰਟ ਸਾਂਝੀ ਹੈ। ਇਸ ਤਰ੍ਹਾਂ ਪੰਜਾਬ ਦੇ ਫੈਸਲਿਆਂ ਲਈ ਵੀ ਭਾਸ਼ਾ ਹਿੰਦੀ ਲਾਗੂ ਹੋ ਜਾਵੇਗੀ। ਜੇ ਪੰਜਾਬ ਸਰਕਾਰ ਹਾਈ ਕੋਰਟ ਲਈ ਪੰਜਾਬੀ ਨੂੰ ਭਾਸ਼ਾ ਬਣਾਉਣ ਲਈ ਕੰਮ ਨਹੀਂ ਕਰਦਾ ਤਾਂ ਇੱਕ ਬੇਲੋੜੀ ਉਲਝਣ ਪੈਦਾ ਕੀਤੀ ਜਾਵੇਗੀ,

□ ਕੇਂਦਰ ਸਰਕਾਰ, ਰਾਜ ਦੀ ਸਰਕਾਰੀ ਭਾਸ਼ਾ ਵਿੱਚ ਕਾਨੂੰਨ ਅਨੁਵਾਦ ਦੀ ਲਾਗਤ ਦਾ ਭੁਗਤਾਨ ਕਰਦੀ ਹੈ। ਪੰਜਾਬ ਸਰਕਾਰ ਨੂੰ ਸਾਰੇ ਮੌਜੂਦਾ ਕਾਨੂੰਨਾਂ ਦਾ ਪੰਜਾਬੀ ਅਨੁਵਾਦ ਕਰਨ ਲਈ ਇਸ ਸਹੂਲਤ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਨਾਲ ਪੰਜਾਬ ਦੇ ਲੋਕਾਂ ਲਈ ਰੁਜ਼ਗਾਰ ਵੀ ਪੈਦਾ ਹੋਵੇਗਾ, ਪੰਜਾਬ ਸਰਕਾਰ ਨੂੰ ਇਸ ਸਹੂਲਤ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਾਰੇ ਮੌਜੂਦਾ ਕਾਨੂੰਨਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨ ਲਈ ਇੱਕ ਕਮਿਸ਼ਨ ਪਹਿਲਾਂ ਬਣਾਇਆ ਗਿਆ ਸੀ, ਪਰ ਉਸਨੇ ਕੰਮ ਨਹੀਂ ਕੀਤਾ ਅਤੇ ਦਿੱਤੇ ਗਏ ਟੀਚੇ ਨੂੰ ਪੂਰਾ ਨਹੀਂ ਕਰ ਸਕਿਆ ਜੋ ਹੁਣ ਮੌਜੂਦ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਇਸ ਕਮਿਸ਼ਨ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਇਸ ਕੰਮ ਨੂੰ ਲਾਗੂ ਕਰਨ ਅਤੇ ਪ੍ਰਾਪਤੀ ਕਰਨ ਲਈ ਬੇਰੁਜ਼ਗਾਰ ਕੰਪਿਊਟਰ ਪੜ੍ਹੇ ਪੰਜਾਬੀ ਨੌਜਵਾਨਾਂ ਰਾਹੀਂ ਆਊਟਸੋਰਸਿੰਗ ਦੁਆਰਾ ਮੌਜੂਦਾ ਅਨੁਵਾਦਕ ਐਪਸ ਦੀ ਵਰਤੋਂ ਕਰਕੇ ਤੇਜ਼ੀ ਨਾਲ ਪੂਰਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਸਰਕਾਰ ਤੇ ਕੋਈ ਵਿੱਤੀ ਬੋਝ ਵੀ ਨਹੀਂ ਪਵੇਗਾ ਅਤੇ ਪੰਜਾਬੀ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।

**ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਹੇਠ ਲਿਖੇ ਚਾਰ ਕਦਮ ਸਹਾਈ ਹੋਣਗੇ :**

o ਸਾਰੀਆਂ ਨਿੱਜੀ/ਸਰਕਾਰੀ ਸੰਸਥਾਵਾਂ ਦੇ ਸਾਈਨ ਬੋਰਡ ਸਿਖਰ 'ਤੇ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ।

o ਪੰਜਾਬ ਸਰਕਾਰ ਵੱਲੋਂ ਹੋਰ ਭਾਸ਼ਾਵਾਂ ਤੋਂ ਪੰਜਾਬੀ ਅਤੇ ਇਸ ਦੇ ਉਲਟ ਵੀ ਅਨੁਵਾਦ ਕਰਨ ਵਿੱਚ ਨਿਪੁੰਨ ਅਨੁਵਾਦ ਕੇਂਦਰਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

o ਪੰਜਾਬ ਦੇ ਸਾਰੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਹੋਣੀਆਂ ਚਾਹੀਦੀਆਂ ਹਨ ਜਿਥੇ ਹਰ ਵਿਸ਼ੇ 'ਤੇ ਪੰਜਾਬੀ ਕਿਤਾਬਾਂ ਮਿਲ ਸਕਣ।

o ਪੰਜਾਬੀ ਫਿਲਮਾਂ ਅਤੇ ਪੰਜਾਬੀ ਗੀਤ/ਡਰਾਮਾ ਨੂੰ ਹੱਲਾਸ਼ੇਰੀ ਦਿੱਤੀ ਜਾਣੀ ਚਾਹੀਦੀ ਹੈ, ਪਰ ਕਲਾਕਾਰਾਂ ਵੱਲੋਂ ਅਸ਼ਲੀਲ ਅਤੇ ਦੋਹਰੇ ਅਰਥ ਵਾਲੇ ਗੀਤ ਗਾਉਣ ਤੇ ਕਾਨੂੰਨੀ ਪਾਬੰਦੀ ਹੋਣੀ ਚਾਹੀਦੀ ਹੈ।

**ਪੰਜਾਬ ਦੇ ਆਮ ਲੋਕਾਂ ਲਈ ਸੁਝਾਅ :**

□ ਪੰਜਾਬ ਦੀਆਂ ਸਾਰੀਆਂ ਪ੍ਰਾਈਵੇਟ ਜਾਂ ਸਰਕਾਰੀ ਯੂਨੀਵਰਸਿਟੀਆਂ ਨੂੰ ਕਾਨੂੰਨ ਸਮੇਤ ਸਾਰੇ ਵਿਸ਼ਿਆਂ ਨੂੰ ਪੰਜਾਬੀ ਮਾਧਿਅਮ ਵਿੱਚ ਪੜ੍ਹਾਉਣ ਲਈ ਪ੍ਰੇਰਿਆ ਜਾਵੇ।

□ ਮਾਵਾਂ/ਦਾਦੀਆਂ ਨੂੰ ਆਪਣੇ ਬੱਚਿਆਂ/ਪੋਤੇ-ਪੋਤੀਆਂ ਨੂੰ ਪੰਜਾਬੀ ਵਿੱਚ ਲੋਕ ਕਹਾਣੀਆਂ ਸੁਣਾਉਂਦੇ ਹੋਏ ਆਪਣੀ ਇਤਿਹਾਸਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

□ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸੰਭਾਲ/ਪ੍ਰਸਾਰ ਇਹ ਸਿਰਫ਼ ਚੁਣੇ ਹੋਏ ਕਾਰਕੁਨਾਂ ਜਾਂ ਵਿਦਵਾਨਾਂ ਦਾ ਹੀ ਫਰਜ਼ ਨਹੀਂ ਹੈ, ਸਗੋਂ ਇਸ ਲਈ ਕੰਮ ਕਰਨਾ ਹਰ ਪੰਜਾਬੀ ਦਾ ਫਰਜ਼ ਹੈ। ਹਰ ਪੰਜਾਬੀ ਨੂੰ ਆਪਣੀ ਮਾਂ ਬੋਲੀ ਤੇ ਸਭਿਆਚਾਰ ਤੇ ਮਾਣ ਹੋਣਾ ਚਾਹੀਦਾ ਹੈ।

□ ਘਰਾਂ ਦੇ ਸਾਰੇ ਲੇਬਲ ਗੁਰਮੁਖੀ ਵਿੱਚ ਹੋਣੇ ਚਾਹੀਦੇ ਹਨ।

□ ਸਾਰੇ ਪੰਜਾਬੀਆਂ ਨੂੰ ਗੁਰਮੁਖੀ ਲਿਪੀ ਚ ਲਿਖੀ ਪੰਜਾਬੀ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ ਤੇ ਸੋਸ਼ਲ ਮੀਡੀਆ ਸਾਈਟਾਂ 'ਤੇ ਵਰਤੋਂ ਚ ਲਿਆਉਣੀ ਚਾਹੀਦੀ ਹੈ। ਨਾਵਾਂ ਦਾ ਪ੍ਰਦਰਸ਼ਨ ਜ਼ੂਮ/ਵੈਬੈਕਸ ਆਦਿ ਤੇ ਪੰਜਾਬੀ/ਗੁਰਮੁਖੀ ਵਿੱਚ ਹੋਣਾ ਚਾਹੀਦਾ ਹੈ।

□ ਪੰਜਾਬੀ ਫਿਲਮ ਨਿਰਮਾਤਾਵਾਂ ਨੂੰ ਪੰਜਾਬੀ ਕਾਰਟੂਨ ਕਿਰਦਾਰਾਂ ਨੂੰ ਵਿਕਸਤ ਕਰਨਾ ਚਾਹੀਦਾ ਹੈ।

□ ਪੰਜਾਬੀ ਪ੍ਰੇਮੀ, ਪੰਜਾਬੀ ਬਾਰੇ ਵੈੱਬ ਸਾਈਟਾਂ ਦੇ ਪਤੇ ਸਾਂਝੇ ਕਰਨ।

□ ਵੱਖ-ਵੱਖ ਯੂਨੀਵਰਸਿਟੀਆਂ ਦੁਆਰਾ ਚਲਾਏ ਜਾ ਰਹੇ ਆਨਲਾਈਨ ਪੰਜਾਬੀ ਕੋਰਸਾਂ ਬਾਰੇ ਜਾਣਕਾਰੀ ਨੂੰ ਫੈਲਾਇਆ ਜਾਣਾ ਚਾਹੀਦਾ ਹੈ, ਤਾਂ ਜੋ ਵਧ ਤੋਂ ਵਧ ਲੋਕ ਇਹਨਾਂ ਕੋਰਸਾਂ ਲਈ ਆਪਣੇ ਆਪ ਨੂੰ ਦਾਖਲ ਕਰਨ।

□ ਸਾਨੂੰ ਪੰਜਾਬੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬੀ ਕਿਤਾਬਾਂ ਖਰੀਦਣੀਆਂ ਚਾਹੀਦੀਆਂ ਹਨ।

□ ਪੰਜਾਬੀ ਲੇਖਕਾਂ ਨੂੰ ਰੋਮਨ ਅੰਕਾਂ ਦੀ ਥਾਂ ਗੁਰਮੁਖੀ ਅੰਕ ਵਰਤਣੇ ਚਾਹੀਦੇ ਹਨ।

□ ਪ੍ਰਾਪਤ ਸੁਝਾਵਾਂ ਤੇ ਅਮਲ ਯਕੀਨੀ ਬਣਾਉਣ ਲਈ ਗਲੋਬਲ ਸਿੱਖ ਕੌਂਸਲ ਨੂੰ ਇਹ ਸੁਝਾਅ ਦਿੱਤਾ ਗਿਆ ਕਿ ਇਸ ਕੰਮ ਲਈ ਫਾਲੋ-ਅੱਪ ਕਮੇਟੀ ਬਣਾਈ ਜਾਵੇ।

□ ਗਲੋਬਲ ਸਿੱਖ ਕੌਂਸਲ ਨੂੰ ਇਹ ਸੁਝਾਅ ਦਿੱਤਾ ਗਿਆ ਕਿ ਮਾਹਰਾਂ ਦੁਵਾਰਾ ਦਿੱਤੇ ਗਏ ਸੁਝਾਵਾਂ ਤੇ ਅਮਲ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਅਤੇ ਸਰਕਾਰ ਦੇ ਹੋਰ ਅਹਿਮ ਕਾਰਜ ਕਰਤਾਂਵਾਂ ਨੂੰ ਲਿਖਣਾ ਚਾਹੀਦਾ ਹੈ।

□ ਪੰਜਾਬੀ ਕਾਰੋਬਾਰੀਆਂ ਨੂੰ ਕਾਰੋਬਾਰ ਵਿੱਚ ਪੰਜਾਬੀ ਦੀ ਭਾਸ਼ਾ ਵਜੋਂ ਵਰਤੋਂ ਕਰਨੀ ਚਾਹੀਦੀ ਹੈ। ਇਸ ਨੂੰ ਸਾਰਿਆਂ ਲਈ ਕਾਨੂੰਨੀ ਤੌਰ 'ਤੇ ਪਾਬੰਦ ਬਣਾਇਆ ਜਾਣਾ ਚਾਹੀਦਾ ਹੈ ਕਿ ਪੰਜਾਬ ਵਿੱਚ ਵਿੱਚ ਵੇਚੇ ਜਾਣ ਵਾਲੇ ਉਤਪਾਦਾਂ ਦਾ ਉਪਭੋਗਤਾ ਮੈਨੂਅਲ ਪੰਜਾਬੀ ਵਿੱਚ ਪ੍ਰਕਾਸ਼ਿਤ ਕਰਨ । ਇਹ ਦਵਾਈਆਂ, ਯੰਤਰ, ਕੀਟਨਾਸ਼ਕ, ਘਰੇਲੂ ਉਪਕਰਨ ਆਦਿ 'ਤੇ ਵੀ ਲਾਗੂ ਹੋਣਾ ਚਾਹੀਦਾ ਹੈ।

□ ਇੱਕ ਆਮ ਧਾਰਨਾ ਹੈ ਕਿ ਪੰਜਾਬੀ ਸਿਰਫ਼ ਸਿੱਖਾਂ ਦੀ ਭਾਸ਼ਾ ਹੈ ਇਸ ਵਿਚਾਰਧਾਰਾ ਨੂੰ ਹਟਾਇਆ ਜਾਣਾ ਚਾਹੀਦਾ ਹੈ।ਪੰਜਾਬ ਵਿੱਚ ਰਹਿਣ ਵਾਲਾ ਹਰ ਵਿਅਕਤੀ ਭਾਂਵੇ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਪੰਜਾਬੀ ਉਸ ਦੀ ਬੋਲੀ ਹੈ।

## ਪੀੜ ਜਰ ਸਕਣ ਬਾਰੇ ਨਵੀਂ ਖੋਜ

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ (0175-2216783)



ਜਿਸ ਨੂੰ ਲੰਮੇ ਸਮੇਂ ਤੋਂ ਪੀੜ ਸਹਿਣੀ ਪੈ ਰਹੀ ਹੋਵੇ, ਉਹੀ ਸਮਝ ਸਕਦਾ ਹੈ ਕਿ ਗੋਡਾ ਸਿਧਾ ਕਰਨਾ ਜਾਂ ਪਿੱਠ ਟੇਢੀ ਕਰਨੀ ਕਿੰਨੀ ਤਕਲੀਫ਼ਦੇਹ ਹੁੰਦੀ ਹੈ। ਕਈ ਵਾਰ ਪੀੜ ਏਨੀ ਹੋ ਜਾਂਦੀ ਹੈ ਕਿ ਲੋੜੋਂ ਵਧ ਦਰਦ ਦੀਆਂ ਗੋਲੀਆਂ ਖਾਣ ਨਾਲ ਗੁਰਦੇ ਨੂੰ ਨੁਕਸਾਨ ਵੀ ਹੋ ਜਾਂਦਾ ਹੈ।

ਪੀੜ ਦਾ ਏਹਿਸਾਸ ਹਰ ਕਿਸੇ ਨੂੰ ਵਖਰਾ ਹੁੰਦਾ ਹੈ। ਕੋਈ ਲਤ ਵਢੀ ਜਾਣ ਉੱਤੇ ਵੀ ਪੀੜ ਸਹਿ ਜਾਂਦਾ ਹੈ ਤੇ ਕੋਈ ਝਰੀਟ ਪੈ ਜਾਣ ਉੱਤੇ ਵੀ ਚੀਕਦਾ ਹੈ। ਮਨ ਨੂੰ ਕਾਬੂ ਵਿਚ ਰਖਣ ਦੀ ਜਾਚ ਸਿਖਿਆ, ਪੀੜ ਘਟ ਮਹਿਸੂਸ ਹੁੰਦੀ ਹੈ।

ਇਕ ਖੋਜ 10,000 ਲੋਕਾਂ ਉੱਤੇ 2007 ਤੋਂ 2016 ਤਕ ਕੀਤੀ ਗਈ। ਇਹ ਕਸਰਤ ਵੀ ਕਰ ਰਹੇ ਸਨ। ਕੋਈ ਕੁਝ ਚਿਰ ਪੈਦਲ ਤੁਰਨ ਜਾਂ ਦਿਨ ਵਿਚ ਸਤ ਅਠ ਵਾਰ ਘਰ ਦੀ ਉਪਰਲੀ ਮੰਜਿਲ ਤਕ ਆਉਣ ਜਾਣ ਨੂੰ ਕਸਰਤ ਮੰਨ ਰਿਹਾ ਸੀ। ਇਸ ਦੇ ਨਾਲ ਦੂਜਾ ਗਰੁਪ ਸ਼ਾਮਲ ਕੀਤਾ ਗਿਆ ਜੋ ਬੈਠਣ ਨੂੰ ਹੀ ਤਰਜੀਹ ਦਿੰਦਾ ਸੀ ਤੇ ਕਸਰਤ ਨਾ ਬਰਾਬਰ ਕਰਦਾ ਸੀ। ਸਭ ਕੁਝ ਰੀਮੋਟ ਜਾਂ ਨੌਕਰ ਨੇ ਸਾਂਭਿਆ ਹੋਇਆ ਸੀ।

ਯੂਨੀਵਰਸਿਟੀ ਔਫ਼ ਨੌਰਥ ਨਾਰਵੇ ਦੇ ਖੋਜੀ ਡਾ. ਐਂਡਰਜ਼ ਪੈਡਰਸਨ ਨੇ ਇਸ ਖੋਜ ਦੇ ਨਤੀਜਿਆਂ ਬਾਰੇ ਦਸਿਆ ਕਿ ਜਿਹੜੇ ਰੋਜ਼ ਕਸਰਤ ਕਰਦੇ ਸਨ, ਉਨ੍ਹਾਂ ਦੀ ਪੀੜ ਜਰਨ ਦੀ ਸਮਰਥਾ ਦੂਜਿਆਂ ਨਾਲੋਂ ਵਧ ਸੀ। ਜਿਹੜੇ ਬਿਲਕੁਲ ਕਸਰਤ ਨਹੀਂ ਕਰ ਰਹੇ ਸਨ, ਉਹ ਪਲ ਭਰ ਵੀ ਬਰਫ਼ ਵਿਚ ਹਥ ਨਹੀਂ ਰਖ ਸਕੇ। ਜਿਹੜੇ ਹਲਕੀ ਕਸਰਤ ਕਰ ਰਹੇ ਸਨ, ਉਨ੍ਹਾਂ ਵਿਚ 7 % ਵਧ ਪੀੜ ਜਰਨ ਦਾ ਮਾਦਾ ਲਭਿਆ। ਜਿਹੜੇ ਥੋੜੀ ਕਸਰਤ ਕਰ ਰਹੇ ਸਨ, ਉਹ 14 % ਅਤੇ ਜਿਹੜੇ ਤਗੜੀ ਕਸਰਤ ਕਰ ਰਹੇ ਸਨ, ਉਹ 16 % ਵਧ ਪੀੜ ਜਰ ਸਕੇ।

ਜਿਹੜੇ ਤੁਰ ਫਿਰ ਨਹੀਂ ਸਨ ਰਹੇ ਤੇ ਹੁਣ ਹਲਕੀ ਕਸਰਤ ਕਰਨ ਵਲ ਪ੍ਰੇਰਿਤ ਹੋਏ ਉਨ੍ਹਾਂ ਵਿਚ ਜਰਨ ਦਾ ਮਾਦਾ 3 % ਵਧ ਗਿਆ। ਹੋਰ ਵਧੇਰੇ ਕਸਰਤ ਕਰਨ ਨਾਲ ਉਹ 20 ਸਕਿੰਟ ਵਧ ਬਰਫ਼ ਵਿਚ ਹਥ ਰਖ ਸਕੇ। ਮਰਦ ਅਤੇ ਔਰਤਾਂ ਦਾ ਪੀੜ ਜਰਨ ਦਾ ਇਹਸਾਸ ਇਕੋ ਜਿੰਨਾ ਹੀ ਲਭਿਆ।

ਡਾ. ਸਟੀਵਨ ਕੋਹੇਨ (ਜੌਨ ਹੌਪਕਿਨ ਯੂਨੀਵਰਸਿਟੀ ਦੇ ਪ੍ਰੋਫੈੱਸਰ) ਨੇ ਵੀ ਇਸ ਤਰ੍ਹਾਂ ਦੀਆਂ ਹੋਰ ਖੋਜਾਂ ਕਰ ਕੇ ਸਪਸ਼ਟ ਕੀਤਾ ਕਿ ਪੀੜ ਜਰਨਾ ਅਤੇ ਕਸਰਤ ਦਾ ਡੂੰਘਾ ਰਿਸ਼ਤਾ ਹੈ। ਲੰਮੇ ਸਮੇਂ ਤੋਂ ਪਠਿਆਂ ਜਾਂ ਜੋੜਾਂ ਦੀਆਂ ਪੀੜਾਂ, ਸਿਰ ਪੀੜ ਆਦਿ, ਤੋਂ ਪੀੜਤ ਲੋਕ ਜਦੋਂ ਕਸਰਤ ਕਰਦੇ ਹਨ ਤਾਂ ਉਨ੍ਹਾਂ ਦੇ ਮੂਡ ਵਿਚ ਬਹੁਤ ਤਬਦੀਲੀ ਦਿਸੀ। ਨਕਾਰਾਤਮਕ ਵਿਚਾਰ, ਘਬਰਾਹਟ ਅਤੇ ਫ਼ਿਕਰ ਘਟੇ ਅਤੇ ਉਹ ਲੋਕਾਂ ਨਾਲ ਮਿਲਣ ਲਗ ਪਏ। ਸਰੀਰ ਦੇ ਹਾਰਮੋਨਾਂ ਵਿਚਲੀ ਤਬਦੀਲੀ ਨੇ ਦਿਮਾਗ਼ ਉੱਤੇ ਪੀੜ ਜਰਨ ਦਾ ਮਾਦਾ ਵਧਾਇਆ ਤੇ ਪੀੜ ਭੁਲ ਹੀ ਗਈ। ਸੋਚਣ ਸਮਝਣ ਦੀ ਸ਼ਕਤੀ ਵਧੀ ਅਤੇ ਉਨ੍ਹਾਂ ਦੀ ਸਰੀਰਕ ਤਾਕਤ ਵੀ ਵਧੀ। ਇਸ ਤੋਂ ਇਲਾਵਾ, ਯਾਦਾਸ਼ਤ ’ਚ ਵਾਧਾ, ਨੀਂਦਰ ਠੀਕ ਆਉਣੀ, ਸਵੈ-ਭਰੋਸੇ ਵਿਚ ਵਾਧਾ, ਚਿੰਤਾ ਘਟਣੀ, ਖ਼ੁਸ਼ੀ ਮਹਿਸੂਸ ਹੋਣੀ ਅਤੇ ਹੱਸਣ ਨੂੰ ਜੀਅ ਕਰਨਾ - ਇਹ ਅਸਰ ਐਡਰੀਨਾਲੀਨ ਅਤੇ ਕੌਰਟੀਸੋਲ ਦੇ ਘਟਣ ਸਦਕਾ ਦਿਸੇ।


ਸਾਡੇ ਸਰੀਰ ਅੰਦਰ ਕੁਦਰਤੀ ਐਂਡੌਰਫਿਨ ਹੁੰਦੇ ਹਨ ਜੋ ਕਸਰਤ ਨਾਲ ਨਿਕਲਦੇ ਹਨ। ਇਹ ‘ਪੇਨ ਕਿਲਰ’ ਮੰਨੇ ਜਾਂਦੇ ਹਨ, ਅਤੇ ਪੀੜ ਦਾ ਇਹਿਸਾਸ ਘਟਾਉਂਦੇ ਹਨ। ਹਾਰਵਰਡ ਯੂਨੀਵਰਸਿਟੀ ਵਿਚ ਹੋਈ ਖੋਜ ਤੋਂ ਵੀ ਇਹੋ ਸਪਸ਼ਟ ਹੋਇਆ।

ਕਈ ਸਧਾਰਣ ਰੋਗ, ਪਿਠ ਦਾ ਕੁੱਬਾ ਹੋਣਾ, ਤਾਕਤ ਘਟਣੀ, ਨਪੁੰਸਕਤਾ, ਪਠਿਆਂ ਵਿਚ ਜਾਂ ਮਾਹਵਾਰੀ ਵੇਲੇ ਦਰਦ, ਹੱਡੀਆਂ ਦੀ ਕਮਜ਼ੋਰੀ, ਨਜ਼ਰ ਘਟਣੀ ਆਦਿ, 90 % ਤਕ ਸਿਰਫ਼ ਕਸਰਤ ਨਾਲ ਹੀ ਠੀਕ ਹੋ ਸਕਦੇ ਹਨ। ਕਸਰਤ ਨਾਲ ਬੌਧਿਕ ਵਿਕਾਸ ਵਿਚ ਵਾਧਾ ਵੀ ਵੇਖਿਆ ਗਿਆ ਹੈ। ਖੋਜੀ ਮੰਨਦੇ ਹਨ ਕਿ ਸਵਖ਼ਤੇ ਦੀ ਸੈਰ ਦੌਰਾਨ ਉਨ੍ਹਾਂ ਦੇ ਮਨ ਦੀ ਇਕਾਗਰਤਾ ਤੋਂ ਫੁਰੇ ਫੁਰਨੇ ਕਮਾਲ ਦੀਆਂ ਖੋਜਾਂ ਦੀ ਨੀਂਹ ਬਣੇ ਹਨ। ਹਫ਼ਤੇ ਵਿਚ ਪੰਜ ਦਿਨ 20 ਤੋਂ 60 ਮਿਨਟ ਦੀ ਕਸਰਤ ਕਰਨੀ ਜ਼ਰੂਰੀ ਹੈ। ਜੇ ਪਹਿਲਾਂ ਕਸਰਤ ਨਹੀਂ ਕੀਤੀ ਤਾਂ ਸਿਆਣੇ ਫਿਜ਼ਿਓਥੈਰਪਿਸਟ ਦੀ ਸਲਾਹ ਲੈਣੀ ਚਾਹੀਦੀ ਹੈ। ਦੌੜਨਾ, ਤੈਰਨਾ, ਸਾਈਕਲ ਚਲਾਉਣਾ, ਤੇਜ਼ ਤੁਰਨਾ (112 ਕਦਮ ਪ੍ਰਤੀ ਮਿਨਟ), ਪੌੜੀਆਂ ਚੜ੍ਹਨਾ, ਰੱਸੀ ਟੱਪਣਾ, ਨੱਚਣਾ ਜਾਂ ਬੈਡਮਿੰਟਨ, ਫੁੱਟਬੌਲ, ਬੇਸਬੌਲ, ਵੌਲੀਬਾਲ, ਟੇਬਲ ਟੇਨਿਸ, ਲਾਨ ਟੈਨਿਸ, ਹਾਕੀ, ਆਦਿ ਦੇ ਵਧੀਆ ਅਸਰ ਹਨ। ਮਸਲਾ ਇਕੋ ਹੈ - ਕਸਰਤ ਕਦੋਂ ਸ਼ੁਰੂ ਕਰੀਏ ? ਜਵਾਬ ਵੀ ਇਕੋ ਹੈ - ਅਜ ਤੋਂ ਹੀ!

Sardarni Surinder Kaur, the Nightingale of Punjab

(25 November 1929 – 14 June 2006)

World famous for her melodious renditions of Punjabi folk songs, poems of modern poets and *Kafi* of Sufi saints like Bulleh Shah, she lives in the hearts of the people of Punjab. She was honored with *The Sangeet Natak Academy Award* and the prestigious *Padam Shri* by the Government of India. Her two sisters Parkash Kaur and Narinder Kaur were also acclaimed singers and recorded many duets together.



ਸਾਨੂੰ ਇਨ੍ਹਾਂ ਤੇ ਮਾਣ ਹੈ

## Designer-turned-Artist Waris Ahluwalia with a Global Name and Fame is A Committed Sikh

In February 2016, Waris made headlines when he was stopped from boarding a flight to New York from Mexico because of his turban and beard. Asked to remove the turban for checking, he refused. Later, the airline offered him another ticket and told him not to remove his turban, he did not agree.

He highlighted this incident and there was an uproar amongst civil rights activists and international Sikh coalitions. On October 19, 2016, in a rare honor, New York City declared the day as 'Waris Ahluwalia Day' for his 'powerful' message of religious understanding and tolerance.

Influenced by the themes of ancient history, in 2007, he founded the jewelry company 'House of Waris'. He became a Member of the Council of Fashion Designers of America (CFDA) and Vogue Fashion Fund. He also collaborated with international companies like Forever Mark, Pringle of Scotland, Kenzo, The Kooples, Gap, Tory Burch, Gucci, Holt Renfrew, and APC.




Later, Maxfield in Los Angeles noticed his diamond rings and placed an order with him. Waris also visits to Rome and Rajasthan where he works with famous craftsmen.

He is part of many non-profit organizations including the NGO 'Elephant Family' to protect the Asian elephant from extinction. He acted in Hollywood films like *The Life Aquatic* (with Steve Zissou), *Grand Budapest Hotel, Deepa Mehta's Beeba Boys, Inside Man and The Darjeeling Limited.* He participated in the TV shows: *The Unusuals, The Carrie Diaries* and the Netflix show *Russian Doll* and was nominated for 'Best Supporting Actor' in the Canadian Screen Awards.

# ਕੈਲਗਰੀ ਲੇਖਕ ਸਭਾ ਦੀ ਇਕੱਤਰਤਾ ਵਿੱਚ

# 'ਗੁਰੂ ਗੋਬਿੰਦ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ' ਬਾਰੇ ਵਿਚਾਰਾਂ ਦੀ ਪੇਸ਼ਕਾਰੀ

'ਖਾਲਸਾ ਪੰਥ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ' ਵਿਸ਼ੇ ਤੇ ਅਧਾਰਤ ਕੈਲਗਰੀ ਲੇਖਕ ਸਭਾ ਦੀ ਸਾਲ 2024 ਦੀ ਪਹਿਲੀ ਮੀਟਿੰਗ 6 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਅਤੇ ਡਾ: ਸੁਰਜੀਤ ਸਿੰਘ ਭੱਟੀ ਜੀ ਦੁਆਰਾ ਸਥਾਨ ਗ੍ਰਹਿਣ ਕਰਨ ਉਪਰੰਤ ਸਕੱਤਰ ਗੁਰਚਰਨ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਸਿੱਖ ਇਤਿਹਾਸ ਦੇ ਉਨ੍ਹਾਂ ਸਮਿਆਂ ਨੂੰ ਸਾਂਝਾ ਕੀਤਾ, ਜਦੋਂ ਨੌਂ ਸਾਲ ਦੇ ਬਾਲ ਗੋਬਿੰਦ ਨੇ ਗੁਰੂ ਬਾਪ ਦੀ ਸ਼ਹੀਦੀ ਬਾਦ ਗੁਰਗੱਦੀ ਸੰਭਾਲੀ। ਉਸ ਸਮੇਂ ਜਦੋਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਖੇਤਰ ਵਿੱਚ ਸਿੱਖ ਲਹਿਰ ਦੀ ਉਦਾਰਵਾਦੀ ਪਹੁੰਚ ਬਾਦਸ਼ਾਹ ਔਰੰਗਜ਼ੇਬ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ, ਧਰਮ ਦਾ ਪ੍ਰਚਾਰ ਕਰਨ ਲਈ ਥਾਪੀ ਗਈ ਮਸੰਦ ਪ੍ਰਣਾਲੀ ਵਿੱਚ ਵਿਗਾੜ ਆ ਚੁੱਕਾ ਸੀ ਅਤੇ ਪਹਾੜੀ ਰਾਜਿਆਂ ਦੀ ਜਗੀਰੂ ਸੋਚ ਹਾਵੀ ਹੋਣ ਕਰਕੇ ਜਨਤਾ ਨਾਲ ਬਦਸਲੂਕੀ ਹੋ ਰਹੀ ਸੀ ਤਾਂ ਗੁਰੂ ਸਾਹਿਬ ਨੇ ਆਪਣੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ ਨਾਲ ਆਮ ਲੋਕਾਂ ਨੂੰ ਇਸ ਜਿਲ੍ਹਣ ਵਿਚੋਂ ਕੱਢਣ ਦਾ ਉਪਰਾਲਾ ਆਰੰਭਿਆ। ਇਸ ਇਤਿਹਾਸਕ ਪਿਛੋਕੜ ਦੇ ਹਵਾਲੇ ਨਾਲ ਅੱਜ ਦੇ ਵਿਸ਼ੇ ਦੀ ਚਰਚਾ ਦੀਸ਼ੁਰੂਆਤ ਹੋ ਗਈ। ਗੁਰਦੀਸ਼ ਕੌਰ ਗਰੇਵਾਲ ਨੇ ਗੁਰੂ ਸਾਹਿਬ ਨੂੰ ਸੰਤ-ਸਿਪਾਹੀ, ਸੱਤ ਭਾਸ਼ਾਵਾਂ ਦਾ ਗਿਆਤਾ, ਸਰਬੰਸ ਦਾਨੀ, ਕਵੀ ਤੇ ਵੇਦਾਂ ਦੇ ਅਨੁਵਾਦਕ ਸ਼ਬਦਾਂ ਨਾਲ ਨਤਮਸਤਕ ਹੋਣ ਉਪਰੰਤ ਆਪਣੀ ਰਚਨਾ 'ਲੱਭਣਾਂ ਨਹੀਂ ਰਿਣ ਸਾਥੋਂ ਬਾਜਾਂ ਵਾਲੇ ਮਾਹੀ ਦਾ, ਰੋਮ ਰੋਮ ਰਿਣੀ ਉਸ ਸੰਤ ਸਿਪਾਹੀ ਦਾ' ਸਾਂਝੀ ਕੀਤੀ। ਡਾ: ਸੁਰਜੀਤ ਸਿੰਘ ਭੱਟੀ ਜੀ ਨੇ ਕਿਹਾ ਕਿ ਜਿੰਵੇਂ ਭਗਵਾਨ ਕ੍ਰਿਸ਼ਨ ਦੇ ਹੱਥ ਵਿੱਚ ਸੁਦਰਸ਼ਨ ਚੱਕਰ, ਭਗਵਾਨ ਰਾਮ ਦੇ ਮੋਢੇ ਤੇ ਧਨੁੱਖ ਹੈ, ਗੁਰੂ ਸਾਹਿਬ ਦੀ ਦੂਰਦਰਸ਼ਤਾ ਨੇ ਕਲਯੁੱਗ ਵਿੱਚ ਕ੍ਰਿਪਾਨ ਦੀ ਕਲਾ ਵਰਤਾਈ। ਉਨ੍ਹਾਂ ਨੇ ਚਰਨਾਂ ਦੀ ਚਰਣਾਮਤ ਦੀ ਬਜਾਏ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਸਿੱਖ ਨੂੰ ਕ੍ਰਿਪਾਨ ਦੀ ਬਖਸ਼ਿਸ਼ ਕਰ ਇਸ ਨੂੰ ਭਗੌਤੀ ਦਾ ਨਾਮ ਦਿੱਤਾ ਜੋ ਸ਼ਕਤੀ ਦਾ ਪ੍ਰਤੀਕ ਹੈ। ਬੰਦਾ ਸਿੰਘ ਬਹਾਦਰ ਦੀ ਸਰਹਿੰਦ ਉਪਰ ਜਿੱਤ ਇਸ ਕ੍ਰਿਪਾਨ ਕਰਕੇ ਹੀ ਸੰਭਵ ਹੋਈ। ਬਲਵਿੰਦਰ ਬਰਾੜ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਉਹ ਯੁੱਗ ਪੁਰਸ਼ ਹਨ ਜੋ ਸਮੇਂ ਦੀ ਹਿੱਕ ਤੇ ਪੈਰ ਧਰਕੇ ਚਲੇ ਅਤੇ ਸਿੱਖ ਨੂੰ ਵੱਖਰੀ ਪਛਾਣ ਦੇ ਕੇ ਲੱਖਾਂ ਵਿੱਚ ਖੜਾ ਵੀ ਨਿਵੇਂ ਕਲਾ ਬਣਾ ਦਿੱਤਾ। ਕਿਸਾਨ ਅੰਦੋਲਨ ਵਿੱਚ ਇਸੇ ਦਿੱਖ ਕਰਕੇ ਔਰਤਾਂ ਨੂੰ ਕਹਿੰਦਿਆਂ ਸੁਣਿਆ ਗਿਆ ਕਿ ਜਦੋਂ ਤੱਕ ਇਹ ਪੱਗਾਂ ਵਾਲੇ ਤੁਰੇ ਫਿਰਦੇ ਹਨ ਸਾਨੂੰ ਕੋਈ ਫ਼ਿਕਰ ਨਹੀਂ ਹੈ। ਉਨ੍ਹਾਂ ਪੰਜਾਬੀ ਦੀ ਮਹਾਨ ਲੇਖਕ ਅੰਮ੍ਰਿਤਾ ਪ੍ਰੀਤਮ ਦੇ ਸਾਥੀ ਇਮਰੋਜ਼ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅੰਮ੍ਰਿਤਾ ਪ੍ਰੀਤਮ ਨਾਲ ਆਪਣੀ ਮਿਲਣੀ ਨੂੰ ਯਾਦ ਕੀਤਾ। ਰੈੱਡ ਐਫ ਐਮ ਦੇ ਹੋਸਟ ਅਮਨਜੋਤ ਸਿੰਘ ਪੰਨੂ ਨੇ ਆਪਣੇ ਯਾਦਾਂ ਦੇ ਯਰੋਖੇ ਵਿਚੋਂ ਸਾਂਝ ਪਾਉਂਦਿਆਂ ਦੱਸਿਆ ਕਿ ਕਿੰਵੇਂ ਵਿਦਿਆਰਥੀ ਜੀਵਨ ਵਿੱਚ ਕੇਸ ਕਟਵਾ ਲਏ ਪਰ 31 ਦਿਸੰਬਰ 2013 ਨੂੰ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਇੱਕ ਮਹਾਂਪੁਰਸ਼ ਵਲੋਂ ਕੀਤੀ ਗਈ ਅਰਦਾਸ ਨੇ ਗੁਰੂ ਸਾਹਿਬ ਦੀ ਕਲਾ ਵਰਤਾਈ ਅਤੇ ਮੁੜ ਕੇਸਾਂ ਦੀ ਬਖਸ਼ਿਸ਼ ਹੋਈ। ਧਾਰਮਿਕ ਵਿਸ਼ਿਆਂ ਤੇ ਲੇਖਾਂ ਅਤੇ ਕਵਿਤਾਵਾਂ ਦੀਆਂ ਦੋ ਕਿਤਾਬਾਂ ਦੇ ਲੇਖਕ ਜਸਵਿੰਦਰ ਸਿੰਘ ਰੁਪਾਲ ਜੀ ਨੇ ਗੁਰ-ਇਤਿਹਾਸ ਬਾਰੇ ਗੱਲ ਕਰਦਿਆਂ ਦੱਸਿਆ ਕਿ ਜਾਤ-ਪਾਤ, ਵਰਣ-ਵੰਡ ਤੇ ਸਮਾਜੀ ਵਿਤਕਰੇ ਵਰਗੀਆਂ ਸਥਾਪਤ ਰਹੁਰੀਤਾਂ ਦਾ ਖੰਡਨ ਕਰ ਗੁਰੂ ਸਾਹਿਬ ਨੇ ਖਾਲਸਾ ਸਿਰਜਿਆ। ਉਨ੍ਹਾਂ ਦੀ ਦੂਰਦਰਸ਼ਤਾ ਅਤੇ ਮਨੋਵਿਗਿਆਨਕ ਸੋਚ ਨੇ ਇੱਕ ਸਿੱਖ ਨੂੰ ਬ੍ਰਾਹਮਣ ਵਾਂਗ ਗਿਆਨ ਹਾਸਲ ਕਰਨ, ਖੱਤਰੀ ਬਣ ਜੰਗ ਵਿੱਚ ਜੂਝਣ, ਵੈਸ਼ ਵਾਂਗ ਕਿਰਤ ਕਰਨ ਅਤੇ ਸ਼ੂਦਰ ਦਾ ਸੇਵਾ ਕਾਰਜ ਸੰਭਾਲ, ਚਹੁੰ ਵਰਣਾਂ ਦਾ ਰਲੇਵਾਂ ਕਰ ਖਾਲਸ ਮਨੁੱਖ ਸਿਰਜਿਆ। ਜਤਿੰਦਰ ਸਵੈਚ ਨੇ ਕਿਹਾ ਕਿ ਗੁਰੂ ਸਾਹਿਬਾਨ ਨੂੰ ਤਿੱਥ ਤਿਉਹਾਰਾਂ ਨਾਲ ਜੋੜ ਕੇ ਹੀ ਯਾਦ ਨਹੀਂ ਕਰਨਾ ਚਾਹੀਦਾ, ਬਲਕਿ ਉਹ ਤਾਂ ਹਰ ਪਲ ਹਰ ਸਮੇਂ ਹਾਜ਼ਰ ਨਾਜ਼ਰ ਹਨ। ਉਨ੍ਹਾਂ ਆਪਣੀ ਹਾਸ-ਰੱਸ ਰਚਨਾ ਰਾਹੀਂ ਬਚਪਨ ਜੁਆਨੀ ਦੇ ਨਾਲ ਨਾਲ ਹੁਣ ਤੱਕ ਦੀ ਜ਼ਿੰਦਗੀ ਨੂੰ ਸੁਪਨੇ ਵਿੱਚ ਹਾਜ਼ਰ ਨਾਜ਼ਰ ਕਰ ਵਿਖਾਇਆ। ਹਰਜਿੰਦਰ ਕੌਰ ਨੇ ਅਜੋਕੇ ਸਮੇਂ ਵਿੱਚ ਸਿੱਖੀ ਬਾਰੇ ਗੱਲ ਕਰਨ ਦੀ ਲੋੜ ਦੀ ਗੱਲ ਕੀਤੀ ਅਤੇ ਕਿਹਾ ਕਿ ਮਾਵਾਂ ਨੂੰ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ 'ਨਹੀਂ ਭਾਰਤ ਹਰਗਿਜ਼ ਭੁੱਲ ਸਕਦਾ, ਉਪਕਾਰ ਗੁਰੂ ਗੋਬਿੰਦ ਸਿੰਘ ਦਾ' ਗੀਤ ਗਾਇਆ।




ਜਗਦੇਵ ਸਿੰਘ ਸਿੱਧੂ ਹੁਰਾਂ ਇਮਰੋਜ਼ ਨੂੰ ਉੱਚ ਦਰਜੇ ਦੇ ਚਿੱਤਰਕਾਰ ਵਜੋਂ ਯਾਦ ਕੀਤਾ। ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਰਹਿ ਚੁੱਕੇ, ਪੰਜ ਕਿਤਾਬਾਂ ਦੇ ਲੇਖਕ ਤੇ ਚਿੰਤਕ ਸ੍ਰ: ਜਤਿੰਦਰਪਾਲ ਸਿੰਘ ਉਬਰਾਏ ਜੀ ਦੇ ਦਿਹਾਂਤ ਤੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਨੇ ਸ਼ਬਦਾਂ ਰਾਹੀਂ ਬਾਬਰ ਦੀ ਨਾਬਰੀ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਨੇ ਸ਼ਮਸ਼ੀਰ ਨਾਲ ਔਰੰਗਜ਼ੇਬ ਨੂੰ ਜੰਗ ਦੇ ਮੈਦਾਨ ਵਿੱਚ ਵੰਗਾਰ ਕੇ ਹਿੰਦੁਸਤਾਨ ਦੀ ਤਵਾਰੀਖ ਨੂੰ ਮੋੜ ਦਿੱਤਾ। ਉਨ੍ਹਾਂ ਨਵੇਂ ਸਾਲ ਦੀ ਆਮਦ ਨੂੰ ਮੁਖਾਤਬ ਗੁਰਮਿੰਦਰ ਕੌਰ ਸਿੱਧੂ ਦੀ ਲਿਖੀ ਕਵਿਤਾ ਵੀ ਸਾਂਝੀ ਕੀਤੀ। ਗੁਰਨਾਮ ਕੌਰ ਜੀ ਨੇ ਕਿਹਾ ਕਿ ਗੁਰੂ ਨਾਨਕ ਦੇ 'ਜੇ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੋਰੀ ਆਉ' ਬੋਲਾਂ ਨਾਲ ਖਾਲਸੇ ਦੀ ਨੀਂਹ ਰੱਖੀ ਅਤੇ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕੀਤੀ। ਗੁਰੂ ਸਾਹਿਬ ਦੀ ਦੂਰਦਰਸ਼ਤਾ ਬਾਰੇ ਗੱਲ ਕਰਦੇ ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਨਿਰਦੇਸ਼ ਦਿੱਤਾ ਕਿ ਦੁਸ਼ਮਣ ਨੂੰ ਆਪਣੀ ਜੱਦ ਵਿੱਚ ਨਹੀਂ ਵੜਨ ਦੇਣਾ, ਜਰਨੈਲ ਤੇ ਵਾਰ ਕਰੋ ਪਿਆਦੇ ਆਪੇ ਭੱਜ ਜਾਣਗੇ, ਸਮਝੌਤੇ ਨਹੀਂ ਕਰਨੇ ਮੁਕਾਬਲਾ ਕਰਨਾ ਹੈ, ਚੁੱਪ ਚੁਪੀਤੇ ਨਹੀਂ ਡੰਕੇ ਦੀ ਚੋਟ ਨਾਲ ਜਾਣਾ ਹੈ ਅਤੇ ਅਜਿਹਾ ਉਨ੍ਹਾਂ ਆਪਣੀਆਂ ਜੰਗਾਂ ਤੇ ਜੀਵਨ ਵਿੱਚ ਕਰ ਕੇ ਵਿਖਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲਿਖਤ 'ਜ਼ਫਰਨਾਮਾ' ਸ਼ਬਦਾਂ ਦੀ ਮਨੋਵਿਗਿਆਨਕ ਸ਼ਕਤੀ ਹੈ। ਨਛੱਤਰ ਸਿੰਘ ਪੁਰਬਾ ਨੇ ਮਾਂ-ਬੋਲੀ ਪੰਜਾਬੀ ਦੇ ਵਿਕਾਸ ਦੀ ਤਸ਼ਬੀਹ ਇੱਕ ਰੁੱਖ ਨਾਲ ਕਰਦੇ ਜੜ੍ਹਾਂ ਨੂੰ ਲੇਖਕਾਂ ਤੇ ਚਿੰਤਕਾਂ ਦੁਆਰਾ ਲਿਖੀਆਂ ਲਿਖਤਾਂ, ਤਣੇ ਨੂੰ ਪੜ੍ਹਨਯੋਗ ਪਾਠਕਾਂ, ਪੱਤਿਆਂ ਨੂੰ ਪੰਜਾਬੀ ਬੋਲਣ ਅਤੇ ਫੁੱਲਾਂ ਨੂੰ ਪੰਜਾਬੀ ਬੋਲੀ ਸਮਝਣ ਵਾਲੇ ਪੰਜਾਬੀ ਪਿਆਰੇ ਆਖ ਪੰਜਾਬੀ ਬੋਲੀ ਦੇ ਰੁੱਖ ਦੇ ਹਰ ਹਿੱਸੇ ਨੂੰ ਵਿਕਸਤ ਕਰਨ ਦੀ ਲੋੜ ਦੀ ਗੱਲ ਕੀਤੀ। ਸਰਬਜੀਤ ਉੱਪਲ ਨੇ 'ਮਾਤਾ ਗੁਜਰੀ ਨੂੰ ਮਿਲਣ ਵਧਾਈਆਂ' ਗੀਤ ਨਾਲ ਹਾਜ਼ਰੀ ਲੁਆਈ। ਪਰਮਿੰਦਰ ਰਮਨ ਨੇ ਆਪਣੀ ਬਹੁਤ ਹੀ ਭਾਵਪੂਰਤ ਰਚਨਾ "ਐ ਦਸਮ ਪਿਤਾ ਅਸੀਂ ਬੇਮੁਖੇ ਹਾਂ, ਤੇਰੀਆਂ ਕੁਰਬਾਨੀਆਂ ਦਾ ਅਸਲ ਖਾ ਲਿਆ, ਅਸੀਂ ਅਜੇ ਵੀ ਭੁੱਖੇ ਹਾਂ।" ਪੇਸ਼ ਕੀਤੀ। ਹਰਮਿੰਦਰ ਪਾਲ ਸਿੰਘ ਨੇ ਸਭ ਹਾਜ਼ਰੀਨ ਨੂੰ ਸ਼ਾਮਲ ਕਰ 'ਦੇਹੁ ਸ਼ਿਵਾ ਵਰ ਮੋਹਿ ਏਹੋ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਸ਼ਬਦ ਪੇਸ਼ ਕੀਤਾ। ਸੁਰਿੰਦਰ ਢਿਲੋਂ ਜੀ ਨੇ ਗੁਰੂ ਸਾਹਿਬ ਦੀ ਮਹਿਮਾ ਬਿਆਨਦਿਆਂ ਕਿਹਾ ਕਿ ਇੱਕ ਬਣੀ ਬਣਾਈ ਫ਼ੌਜ ਦਾ ਕਮਾਂਡਰ ਬਣ ਲੜਨਾ ਹੋਰ ਗੱਲ ਹੈ ਪਰ ਪਹਿਲਾਂ ਇੱਕ ਫੌਜ ਤਿਆਰ ਕਰਨਾ ਅਤੇ ਫਿਰ ਫ਼ੌਜ ਸੰਗ ਮੈਦਾਨ-ਏ-ਜੰਗ ਵਿੱਚ ਜੂਝਣਾ ਗੁਰੂ ਸਾਹਿਬ ਦੀ ਦੂਰਦਰਸ਼ਤਾ ਦਾ ਹੀ ਨਤੀਜਾ ਸੀ। ਉਨ੍ਹਾਂ ਦਾ ਇਮਰੋਜ਼ ਤੇ ਅੰਮ੍ਰਿਤਾ ਪ੍ਰੀਤਮ ਦੇ ਸਬੰਧਾਂ ਬਾਰੇ ਕਹਿਣਾ ਸੀ ਕਿ ਇਮਰੋਜ਼ ਨੇ ਅੰਮ੍ਰਿਤਾ ਦੀ ਨਹੀਂ ਉਸ ਦੀ ਸਖ਼ਸ਼ੀਅਤ ਦੀ ਨੌਕਰੀ ਕੀਤੀ ਸੀ। ਮਨਮੋਹਨ ਸਿੰਘ ਬਾਠ ਨੇ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ 'ਬਾਪੂ ਵੇਖਦਾ ਰਹੇਂ ਤੂੰ ਵੇਖ ਕੰਢੇ, ਕਿੰਵੇਂ ਤਰਨਗੇ ਅਜੀਤ ਜੁਝਾਰ ਤੇਰੇ' ਆਪਣੀ ਸੁਰੀਲੀ ਅਵਾਜ਼ ਵਿੱਚ ਸੁਣਾਇਆ। ਪਰਮਜੀਤ ਭੰਗੂ ਨੇ 'ਤੇਰੀ ਦੀਦ ਦੇ ਪਿਆਸੇ ਜਾਂਦੇ ਮੰਜ਼ਿਲਾਂ ਮੁਕਾਈ' ਗੀਤ ਬੁਲੰਦ ਅਵਾਜ਼ ਵਿੱਚ ਸੁਣਾਇਆ। ਪ੍ਰੀਤ ਸਾਗਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਦੂਰਦਰਸ਼ਤਾ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ 'ਨੱਚਦੀ ਮੌਤ ਦੇ ਨਾਲ ਨੱਚਣ ਜੋ' ਆਪਣੀ ਰਚਨਾ ਸਾਂਝੀ ਕੀਤੀ। ਅਮਨਪ੍ਰੀਤ ਸਿੰਘ ਨੇ ਸਿੱਖ ਕੌਮ ਦੀ ਵਿਲੱਖਣਤਾ ਨੂੰ ਅੱਜ ਦੇ ਪ੍ਰਸੰਗ ਵਿੱਚ ਕਿਸਾਨੀ ਘੋਲ ਸਮੇਂ ਕਿਸਾਨਾਂ ਵਲੋਂ ਬਿਨਾ ਹਥਿਆਰਾਂ ਦੇ ਜੰਗ ਜੱਤਣ ਦੇ ਰੂਪ ਵਿੱਚ ਬਿਆਨਿਆ ਅਤੇ 'ਪਟਨਾ ਲੈ ਕੇ ਜਨਮ ਦੋਵਾਂ ਕੌਮਾਂ ਨੂੰ ਲਿਆ ਅਪਣਾ ਤੂੰ' ਆਪਣਾ ਲਿਖਿਆ ਗੀਤ ਗਾ ਕੇ ਪੇਸ਼ ਕੀਤਾ। ਅੰਤ ਵਿੱਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਸਭ ਦਾ ਉਨ੍ਹਾਂ ਦੀ ਹਾਜ਼ਰੀ ਲਈ ਅਤੇ ਅੱਜ ਦੇ ਵਿਸ਼ੇ ਤੇ ਸਲਾਹੁਯੋਗ ਜਾਣਕਾਰੀ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦੀ ਨੌਂ ਮਹੀਨੇ ਦੀ ਠਾਹਰ ਸਮੇਂ ਵਾਪਰੀਆਂ ਘਟਨਾਵਾਂ ਦੀ ਸਾਂਝ ਪਾਈ ਅਤੇ ਉਸ ਇਲਾਕੇ ਦੇ ਲੋਕਾਂ ਅਤੇ ਹੋਰ ਸਿੱਖ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਯਾਦ ਕੀਤਾ ਅਤੇ ਅੱਜ ਦੀ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

ਇੰਦਰਜੀਤ ਸਿੰਘ ਮੁੱਲਾਂਪੁਰ

ਕਨੇਡਾ ਦੇਸ਼ ਵਿਦੇਸ਼ ਟਾਇਮਜ਼

ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ

ਹੋਰ ਜਾਣਕਾਰੀ ਅਤੇ ਸੰਪਰਕ ਵਾਸਤੇ:
ਗੁਰਚਰਨ ਕੌਰ ਥਿੰਦ (ਜਨਰਲ ਸਕੱਤਰ) ਫੋਨ: 403-402-9635
ਜਸਵੀਰ ਸਿੰਘ ਸਿਹੋਤਾ (ਪ੍ਰਧਾਨ) ਫੋਨ: 403-681-8281

ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਅਪਣੇ ਤੇ ਪਰਾਏ ਦੀ ਸਮਝ ਮਾਸੂਮ ਬੱਚੇ ਨੂੰ ਵੀ ਹੁੰਦੀ ਹੈ। ਜੀਵ ਦਾ ਸਭ ਤੋਂ ਪਹਿਲਾ ਸੰਬੰਧ ਆਪਣੇ ਮਾਂ-ਬਾਪ ਨਾਲ ਹੁੰਦਾ ਹੈ।ਗੁਰੂ ਜੀ ਨੇ ਵੀ ਵਾਹਿਗੁਰੂ ਨੂੰ ਮਾਤਾ ਪਿਤਾ ਕਿਹਾ **ਹੈ।**

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥(ਅੰਗ-106)॥

ਹਰ ਕੋਈ ਕਿਸੇ ਖਾਸ ਰੂਪ ਵਿਚ ਆਪਣੇ ਇਸ਼ਟ ਨੂੰ ਮੰਨਦਾ ਹੈ। ਭਗਤੀ ਦਾ ਮਾਪ-ਦੰਡ ਵਿਸ਼ਵਾਸ ਹੁੰਦਾ ਹੈ। ਆਪਣੀ ਵੇਦਨਾ ਉਹ ਆਪਣੇ ਇਸ਼ਟ ਅੱਗੇ ਹੀ ਰਖਦਾ ਹੈ।

ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ॥ ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ॥ਅਪਨਾ ਗੁਰੂ ਧਿਆਏ॥ ਮਿਲਿ ਕੁਸਲ ਸੇਤੀ ਘਰਿ ਆਏ॥(ਅੰਗ 627)॥

ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਵਿਚ ਸਿਦਕੀ ਸਿੱਖਾਂ ਨੇ ਅਪਣੇ ਗੁਰੂ ਤੇ ਵਿਸ਼ਵਾਸ ਕਰਦਿਆਂ ਆਪਣੀ ਵੇਦਨਾ ਪ੍ਰਗਟ ਕੀਤੀ।ਲਾਹੌਰ ਦੇ ਭਾਈ ਬੁਧੂ ਘੁਮਿਆਰ ਸਿੱਖ ਨੇ ਇਕ ਵਾਰ ਬਹੁਤ ਵੱਡਾ ਇੱਟਾਂ ਦਾ ਆਵਾ ਤਿਆਰ ਕਰਕੇ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਅਰਦਾਸ ਕੀਤੀ। ਕਿ ਆਵਾ ਪੱਕਾ ਨਿਕਲੇ। ਇਕ ਪ੍ਰੇਮੀ ਸਿੱਖ ਭਾਈ ਲੱਖੂ ਪਟੋਲੀਆ ਨੂੰ ਕਿਸੇ ਕਾਰਨ ਸੰਗਤ ਤੇ ਲੰਗਰ ਵਿਚ ਨਾ ਜਾਣ ਦਿੱਤਾ।ਉਸਨੇ ਕਿਹਾ ਕਿ ਆਵਾ ਸਿੱਲਾ ਹੀ ਰਹੇਗਾ। ਭਾਈ ਬੁੱਧੂ ਨੇ ਕੀਤੀ ਗਈ ਅਰਦਾਸ ਦਾ ਹਵਾਲਾ ਦੇ ਕੇ ਬੇਨਤੀ ਕੀਤੀ ਤਾਂ ਸਤਿਗੁਰਾਂ ਫ਼ੁਰਮਾਇਆ ਕਿ ਪ੍ਰੇਮੀ ਸਿੱਖ ਦਾ ਬਚਨ ਅਟੱਲ ਹੈ ਪਰ ਤੇਰੀਆਂ ਸਿਲੀਆ ਇੱਟਾਂ ਵੀ ਪੱਕੀਆ ਦੇ ਭਾਅ ਵਿਕ ਜਾਣਗੀਆਂ।

ਲਾਹੌਰ ਵਿਚ ਉਸ ਸਾਲ ਵਧੇਰੇ ਬਰਸਾਤ ਹੋਣ ਕਾਰਨ ਦੀਆਂ ਇੱਟਾਂ ਮਹਿੰਗੇ ਭਾਅ ਵਿਕ ਗਈਆਂ।ਸੋ ਆਪਣੇ ਦੋਵੇਂ ਪ੍ਰੇਮੀ ਸਿੱਖਾਂ ਨੂੰ ਸਤਿਗੁਰਾਂ ਨੇ ਨਿਵਾਜਿਆ ।

ਭਗਤ ਨਾਮਦੇਵ ਜੀ ਨੂੰ ਅਖੌਤੀ ਨੀਂਵੀਂ ਜਾਤਿ ਕਹਿ ਕੇ ਪੁਜਾਰੀਆਂ ਨੇ ਮੰਦਰ ਵਿਚੋਂ ਬਾਹਰ ਕੱਢ ਦਿੱਤਾ। ਉਨ੍ਹਾ ਨੇ ਆਪਣੇ ਗੁਰੂ ਕੋਲ ਸ਼ਿਕਾਇਤ ਕੀਤੀ ਤੇ ਮੰਦਰ ਦੇ ਪਿਛਵਾੜੇ ਬੈਠ ਕੇ ਕੀਰਤਨ ਕਰਨ ਲਗ ਪਏ। ਐਸਾ ਭਾਣਾ ਵਾਪਰਿਆ ਕਿ ਮੰਦਰ ਭਗਤ ਜੀ ਵਲ ਘੁੰਮ ਗਿਆ ਤੇ ਪੁਜਾਰੀਆਂ ਵੱਲੋ ਪਿੱਠ ਕਰ ਲਈ।

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥ ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈ ਅਤਿਭੁਜ ਭਇਓ ਅਪਾਰਲਾ॥ ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥(ਅੰਗ-1292)

ਕਬੀਰ ਜੀ ਨੇ ਲਿਖਿਆ ਹੈ ਕਿ ਬਾਦਸ਼ਾਹ ਫ਼ਿਰੋਜ਼ ਤੁਗਲਕ ਜਦੋਂ ਬਨਾਰਸ ਆਇਆ ਤਾਂ ਕਾਜ਼ੀਆ ਤੇ ਬ੍ਰਾਹਮਣਾ ਨੇ ਉਨ੍ਹਾਂ ਦੇ ਖਿਲਾਫ਼ ਸ਼ਿਕਾਇਤ ਕੀਤੀ ਕਿ ਕਬੀਰ ਕਿਸੇ ਧਰਮ ਨੂੰ ਨਹੀਂ ਮੰਨਦਾ। ਇਸਲਾਮ ਤੇ ਹਿੰਦੂ ਮਤਿ ਦੋਹਾਂ ਦਾ ਨਿਰਾਦਰ ਕਰਦਾ ਹੈ। ਬਾਦਸ਼ਾਹ ਨੇ ਕਬੀਰ ਜੀ ਨੂੰ ਮਸਤ ਹਾਥੀ ਅੱਗੇ ਸੁੱਟਣ ਤੇ ਗੰਗਾ ਵਿਚ ਡੋਬਣ ਦੀਆ ਸਜ਼ਾਵਾਂ ਸੁਣਾਈਆਂ। ਪਰ ਕਬੀਰ ਜੀ ਇਨ੍ਹਾਂ ਤੋਂ ਬੱਚ ਨਿਕਲੇ।

ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥ ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ॥ ...

ਤੀਨਿ ਬਾਰ ਪਤੀਆ ਭਰਿ ਲੀਨਾ॥

ਮਨ ਕਠੋਰੁ ਅਜਹੂ ਨ ਪਤੀਨਾ॥

ਕਹਿ ਕਬੀਰ ਹਮਰਾ ਗੋਬਿੰਦੁ॥

ਚਉਥੇ ਪਦ ਮਹਿ ਜਨ ਜਿੰਦੁ॥4॥
(ਅੰਗ-870)॥

(ਮੇਰੀ ਪੋਟਲੀ ਬੰਨ੍ਹ ਕੇ ਇਹਨਾਂ ਮੈਨੂੰ ਹਾਥੀ ਅੱਗੇ ਸੁੱਟ ਦਿੱਤਾ, ਮੈਂ ਇਹਨਾਂ ਦਾ ਕੀ ਵਿਗਾੜਿਆ ਸੀ? ਪਰ ਕਾਜ਼ੀ ਨੂੰ ਤੁਅੱਸਬ ਵਿਚ ਇਹ ਸਮਝ ਹੀ ਨਹੀਂ ਆਈ, ਹਾਥੀ ਮੁੜ ਮੁੜ ਸਿਰ ਨਿਵਾ ਰਿਹਾ ਹੈ । ਕਾਜ਼ੀ ਨੇ ਤਿੰਨ ਵਾਰੀ ਪਰਤਾਵਾ ਲਿਆ, ਪਰ ਫ਼ਿਰ ਵੀ ਉਸ ਦੀ ਤਸੱਲੀ ਨਾ ਹੋਈ। ਕਾਜ਼ੀ ਨੂੰ ਇਹ ਸਮਝ ਨਾ ਆਈ ਕਿ ਸਾਡਾ ਰਾਖਾ ਪਰਮਾਤਮਾ ਹੈ। ਦਾਸਾਂ ਦੀ ਜਿੰਦ ਸਦਾ ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ।)

ਗੰਗਾਂ ਵਿਚ ਡੋਬਣ ਬਾਰੇ ਆਪਜੀ (ਅੰਗ-1162) ਫ਼ੁਰਮਾਂਉਂਦੇ ਹਨ:

ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰਿ ਖਰੇ ਕਬੀਰ॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥ਰਹਾਉ॥ ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥ਮ੍ਰਿਗਛਾਲਾ ਪਰ ਬੈਠੇ ਕਬੀਰ॥

(ਮੈਨੂੰ ਕਬੀਰ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਵਿਚ ਡੋਬਣ ਲਈ ਲੈ ਗਏ।

ਜਿਸ ਦਾ ਮਨ ਪ੍ਰਭੂ ਦੇ ਸੁਹਣੇ ਚਰਨਾਂ ਵਿਚ ਲੀਨ ਰਹੇ, ਉਹ ਕਿਸੇ ਕਸ਼ਟ ਵੇਲੇ ਡੋਲਦਾ ਨਹੀਂ।ਉਸ ਦੇ ਸਰੀਰ ਨੂੰ ਕਸ਼ਟ ਦੇ ਕੇ ਡਰਾਉਣ ਤੋਂ ਕੋਈ ਲਾਭ ਨਹੀਂ ਹੁੰਦਾ। ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜ਼ੰਜੀਰ ਟੁੱਟ ਗਈ, ਮੈਂ ਜਲ ਤੇ ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗਛਾਲਾ ਉੱਤੇ ਬੈਠਾ ਹੋਵਾਂ।)

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਿਖ ਸੇਵਕਾਂ ਦੀ ਲਾਜ ਰੱਖਣ ਵਾਲੇ ਵਾਹਿਗੁਰੂ ਦੀ ਵਿਡਆਈ ਇੰਜ ਕਰਦੇ ਹਨ:

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ
॥ਰਹਾਉ॥(ਅੰਗ-403)॥

ਭਗਤ ਕਬੀਰ ਜੀ ਉਨ੍ਹਾਂ ਮਨੁੱਖਾਂ ਨੂੰ ਲਾਹਨਤਾਂ ਪਾਂਉਂਦੇ ਹਨ ਜੋ ਸੱਚੇ ਤੇ ਸਰਬ ਸ਼ਕਤੀਮਾਨ ਵਾਹਿਗੁਰੂ ਨੂੰ ਛੱਡ ਕੇ ਹੋਰ ਝੂਠੇ ਗੁਰੂਆਂ ਪਿੱਛੇ ਦੋੜਦੇ ਹਨ :

ਰੇ ਜੀਅ ਨਿਲਜ ਲਾਜ ਤੋੁਹਿ ਨਾਹੀ॥

ਹਰਿ ਤਜਿ ਕਤ ਕਾਹੂ ਕੇ ਜਾਂਹੀ॥ਰਹਾਉ॥

ਜਾ ਕੋ ਠਾਕੁਰੁ ਊਚਾ ਹੋਈ॥

ਸੋ ਜਨੁ ਪਰ ਘਰ ਜਾਤ ਨ ਸੋਹੀ॥
॥(ਅੰਗ-330)॥

(ਹੇ ਬੇਸ਼ਰਮ ਮਨ! ਤੈਨੂੰ ਸ਼ਰਮ ਨਹੀਂ ਆਉਂਦੀ ? ਪ੍ਰਭੂ ਨੂੰ ਛੱਡ ਕੇ ਕਿਸ ਪਾਸ ਜਾਂਦਾ ਹੈਂ ? ਜਿਸ ਦਾ ਮਾਲਕ ਵੱਡਾ ਹੋਵੇ, ਉਹ ਪਰਾਏ ਘਰੀਂ ਜਾਂਦਾ ਚੰਗਾ ਨਹੀਂ ਲੱਗਦਾ।)

## ਸੰਸਕਾਰ

ਹਰਪ੍ਰੀਤ ਸਿੰਘ ਜਵੰਦਾ, ਵਿਨੀਪੈਗ (ਕੈਨੇਡਾ)



ਗੱਡੀ ਦੋ ਮਿੰਟ ਲਈ ਹੀ ਰੁਕੀ ਸੀ। ਨਿੱਕਾ ਜੇਹਾ ਸਟੇਸ਼ਨ...ਇੱਕ ਖਾਣ ਪੀਣ ਦਾ ਸਟਾਲ ਅਤੇ ਇੱਕ ਕਿਤਾਬਾਂ ਰਸਾਲਿਆਂ ਦੀ ਰੇਹੜੀ। ਪੰਦਰਾਂ ਕੁ ਸਾਲ ਦਾ ਇੱਕ ਮੁੱਛ ਫੁੱਟ...ਇਕੱਲਾ ਹੀ ਸਮਾਨ ਵੇਚ ਰਿਹਾ ਸੀ। ਅਚਾਨਕ ਇੱਕ ਕਿਤਾਬ ਪਸੰਦ ਆ ਗਈ...ਪੰਜਾਹ ਰੁਪਈਆਂ ਦੀ ਸੀ। ਪੰਜ ਸੌ ਦਾ ਨੋਟ ਦਿੱਤਾ ਤਾਂ ਆਖਣ ਲੱਗਾ ਜੀ ਹੁਣੇ ਬਕਾਇਆ ਲੈ ਕੇ ਆਇਆ!

ਏਨੇ ਨੂੰ ਸਿਗਨਲ ਹੋ ਗਿਆ ਤੇ ਗੱਡੀ ਤੁਰ ਪਈ...ਪਰ ਉਹ ਕਿਧਰੇ ਵੀ ਨਾ ਦਿਸਿਆ। ਅਖੀਰ ਭੱਜਦੇ ਹੋਏ ਨੇ ਗੱਡੀ ਫੜੀ ਤੇ ਬੂਹੇ ਤੇ ਖਲੋ ਕਿੰਨੀ ਦੇਰ ਪਿੱਛੇ ਪਲੇਟਫਾਰਮ ਵੱਲ ਹੀ ਵੇਖਦਾ ਰਿਹਾ।

ਅਖੀਰ ਆਪਣੀ ਸੀਟ ਤੇ ਪਰਤ ਆਇਆ। ਨਾਲ ਦੀ ਨਾਲ ਗੱਲ ਕੀਤੀ। ਆਖਣ ਲੱਗੀ ਚਲੋ ਹੱਕ ਦੇ ਹੋਣਗੇ ਤਾਂ ਮਿਲ ਜਾਣਗੇ। ਵੈਸੇ ਅੱਜ ਕੱਲ ਇੰਝ ਦਾ ਲੋਕ ਜਾਣ ਬੁਝ ਕੇ ਵੀ ਕਰਨ ਲੱਗ ਪਏ ਹਨ!

ਮੈਂ ਉਹ ਕਿਤਾਬ ਪੜਨੀ ਸ਼ੁਰੂ ਕਰ ਦਿੱਤੀ। ਘੜੀ ਕੁ ਮਗਰੋਂ ਹੀ ਅਚਾਨਕ ਕਿਸੇ ਹਲੂਣਾ ਜਿਹਾ ਦਿੱਤਾ...ਓਹੀ ਸੀ। ਮੁੜਕੋਂ-ਮੁੜਕੀ ਹੋਇਆ ਬਕਾਇਆ ਲੈ ਕੇ ਖਲੋਤਾ। ਆਖਣ ਲੱਗਾ ਜੀ ਬਾਹਰ ਜਾਣਾ ਪੈ ਗਿਆ ਤੇ ਮੁੜ ਮਸੀਂ ਹੀ ਸਭ ਤੋਂ ਪਿਛਲੇ ਡੱਬੇ ਵਿਚ ਚੜ ਹੋਇਆ!

"ਤੇ ਤੇਰੀ ਰੇਹੜੀ ਕਿਤਾਬਾਂ ਰਸਾਲੇ ... ਕੌਣ ਧਿਆਨ ਰੱਖੂ ਸਭ ਦਾ, ਤੇ ਹੁਣ ਵਾਪਿਸ ਕਿੱਦਾਂ ਮੁੜੇਗਾ"?

ਆਖਣ ਲੱਗਾ ਜੀ ਧਿਆਨ ਰੱਖਣ ਵਾਲਾ ਉਹ ਉੱਪਰ ਵਾਲਾ ਜੋ ਹੈ, ਤੇ ਰਹੀ ਗੱਲ ਵਾਪਿਸ ਮੁੜਨ ਦੀ...ਅਗਲੇ ਟੇਸ਼ਨ ਤੇ ਗੱਡੀਆਂ ਦਾ ਕਰਾਸ ਹੋਣਾ ਓਥੋਂ ਵਾਪਿਸ ਮੁੜ ਆਵਾਂਗਾ। ਹੁਣ ਤੀਕਰ ਮੈਂ ਬੜਿਆਂ ਦੇ ਬਕਾਏ ਇੰਝ ਹੀ ਮੋੜੇ ਆ। ਸਟਾਪ ਦੋ ਮਿੰਟ ਤੋਂ ਵਧਾਉਂਦੇ ਹੀ ਨਹੀਂ!

ਮੁੜ ਮੈਥੋਂ ਕਿਤਾਬ ਨਾ ਪੜ ਹੋਈ। ਬਾਹਰ ਨੂੰ ਵੇਖਦਾ ਬਸ ਇਹੀ ਗੱਲ ਸੋਚਦਾ ਆਇਆ ਕੇ ਕੁਝ ਲੋਕ ਨਿੱਕੇ ਹੁੰਦਿਆਂ ਤੋਂ ਹੀ ਪਰਾਏ ਹੱਕ ਮੋੜਨੇ ਪਤਾ ਨਹੀਂ ਕਿੱਦਾਂ ਸਿੱਖ ਜਾਂਦੇ ਹਨ। ਨਹੀਂ ਤਾਂ ਬਹੁਤਿਆਂ ਨੂੰ ਮੜ੍ਹੀ ਤੇ ਪਿਆਂ ਤੀਕਰ ਵੀ ਬੱਸ ਇਹੋ ਖਿਆਲ ਵੱਢ-ਵੱਢ ਖਾਈ ਜਾਂਦਾ ਕੇ ਲੱਖ ਪਾਪੜ ਵੇਲ ਇਕੱਠਾ ਕੀਤਾ ਜਾਂਦੀ ਵਾਰੀ ਕਿਧਰੇ ਘੱਟ ਹੀ ਨਾ ਹੋ ਜਾਵੇ!



ਈ ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਘੀ ਦੇ ਦਿਹਾੜੇ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 27 ਜਨਵਰੀ
ਸ਼ਨੀਵਾਰ
9 AM ਕੈਲਗਰੀ
ਸਮਾਂ:
9:30 PM ਇੰਡੀਆ
8:00 AM ਬੀ ਸੀ
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਕੁਲਵੰਤ ਸਿੰਘ ਸੈਦੋਕੇ
ਪਟਿਆਲਾ
ਪ੍ਰੀਤਮ ਕੌਰ ਪ੍ਰੀਤਮਾ
ਦਿੱਲੀ
ਡਾ.ਰਾਮ ਮੂਰਤੀ ਨਕੋਦਰ
ਜਲੰਧਰ
ਅਵਤਾਰ ਸਿੰਘ ਆਦਮਪੁਰੀ
ਸਿਆਟਲ
ਪਲਵਿੰਦਰ ਸਿੰਘ ਰੰਧਾਵਾ
ਸਰੀ ਬੀ ਸੀ
ਸਾਧੂ ਸਿੰਘ ਝੱਜ
ਸਿਆਟਲ
ਜਸਪ੍ਰੀਤ ਕੌਰ
ਨੋਇਡਾ
ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਅਮਨਪ੍ਰੀਤ ਸਿੰਘ ਦੁਲੱਟ
ਕੈਲਗਰੀ
ਗੁਰਚਰਨ ਸਿੰਘ ਹੇਹਰ
ਕੈਲਗਰੀ
ਪਰਨੀਤ ਕੌਰ ਸਿਮਰਲੀਨ ਕੌਰ
ਟੋਰੰਟੋ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

## ਈ-ਦੀਵਾਨ ਸੁਸਾਇਟੀ ਕੈਲਗਰੀ (ਕੈਨੇਡਾ) ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਔਨ-ਲਾਈਨ ਅੰਤਰ-ਰਾਸ਼ਟ੍ਰੀ ਕਵੀ ਦਰਬਾਰ ਵਿਚ ਭਾਗ ਲੈਣ ਵਾਲੇ ਵਿਦਵਾਨ



# ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਘੀ ਨੂੰ ਸਮਰਪਿਤ ਇੰਟਰਨੈਸ਼ਨਲ ਕਵੀ ਦਰਬਾਰ) ਦੀ ਰਿਪੋਰਟ

ਸ. ਜਸਵਿੰਦਰ ਸਿੰਘ ਰੁਪਾਲ , ਕੈਲਗਰੀ (+1 403 465 1586)

ਈ ਦੀਵਾਨ ਸੋਸਾਇਟੀ, ਕੈਲਗਰੀ (ਕੈਨੇਡਾ), ਵੱਲੋਂ 27 ਜਨਵਰੀ 2024 ਨੂੰ ਇੱਕ ਆਨਲਾਈਨ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀਆਂ ਨੇ ਸ਼ਹੀਦਾਂ ਨੂੰ ਆਪਣੀ ਅਕੀਦਤ ਭੇਟ ਕੀਤੀ। ਇਹ ਸੋਸਾਇਟੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਕਵੀ ਦਰਬਾਰ ਸਜਾਉਣ ਦੀ ਪਿਰਤ ਨੂੰ ਜਿੰਦਾ ਰੱਖ ਰਹੀ ਹੈ। ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਜੀ ਨੇ ਸਭ ਨੂੰ ਜੀਅ ਆਇਆਂ ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਰੰਭ ਇੱਕ ਸ਼ਬਦ ਗਾਇਨ "ਤੁਮ ਸਾਚੁ ਧਿਆਵਹੁ ਮੁਗਧ ਮਨਾ" ਨਾਲ ਕੀਤਾ ਗਿਆ। ਉਪਰੰਤ ਜੈਪੁਰ ਤੋਂ ਸ੍ਰੀਮਤੀ ਬਰਜਿੰਮਿੰਦਰ ਕੌਰ ਜੀ ਨੇ ਇੱਕ ਸ਼ਬਦ "ਵਾਹਿਗੁਰੂ ਤੇਰਾ ਸਭ ਸਦਕਾ" ਸ਼ਬਦ ਗਾ ਕੇ ਸੁਣਾਇਆ। ਫਿਰ ਪਰਨੀਤ ਕੌਰ, ਸਿਮਰਲੀਨ ਕੌਰ ਅਤੇ ਸ. ਪਰਮਜੀਤ ਸਿੰਘ ਨੇ ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਲੱਥਣਾ ਨਹੀਂ ਰਿਣ ਸਾਥੋਂ ਬਾਜਾਂ ਵਾਲੇ ਮਾਹੀ ਦਾ" ਸਾਜਾਂ ਨਾਲ ਗਾ ਕੇ ਮਾਹੌਲ ਦੀ ਸਿਰਜਣਾ ਕੀਤੀ।

ਦਿੱਲੀ ਤੋਂ ਕਵਿੱਤਰੀ ਸ੍ਰੀਮਤੀ ਪ੍ਰੀਤਮ ਕੌਰ ਪ੍ਰੀਤਮਾ ਨੇ "ਬਾਜਾਂ ਵਾਲੇ ਗੁਰੂ ਦੀ ਨਹੀਂ ਮਿਸਾਲ ਜੀ" ਕਵਿਤਾ ਤਰੰਨਮ ਵਿੱਚ ਸੁਣਾ ਕੇ ਕਵੀ ਦਰਬਾਰ ਦਾ ਆਗਾਜ਼ ਕੀਤਾ। ਨਕੋਦਰ ਤੋਂ ਡਾ. ਰਾਮ ਮੂਰਤੀ ਜੀ ਨੇ ਦਸਵੇਂ ਪਾਤਸ਼ਾਹ ਤੇ ਲਿਖੀ ਇੱਕ ਗ਼ਜ਼ਲ ਨਾਲ ਹਾਜਰੀ ਲਵਾਈ। ਪਟਿਆਲੇ ਤੋਂ ਸ. ਕੁਲਵੰਤ ਸਿੰਘ ਸੇਦੋਕੇ ਜੀ ਨੇ ਬੁਲੰਦ ਆਵਾਜ਼ ਵਿੱਚ ਲਹਿਰੀਆ ਛੰਦ ਵਿਚ ਲਿਖੀ ਕਵਿਤਾ "ਵਿੱਚ ਪਟਨੇ ਸ਼ਹਿਰ ਨੂਰੀ ਚੰਨ ਆਇਆ ਜੀ" ਸੁਣਾਇਆ। ਨੋਇਡਾ ਤੋਂ ਸ੍ਰੀਮਤੀ ਜਸਪ੍ਰੀਤ ਕੌਰ ਜੀ ਨੇ ਇੱਕ ਗੀਤ "ਜੋਤ ਨੂਰਾਨੀ" ਗਾ ਕੇ ਸੁਣਾਇਆ। ਸਿਆਟਲ ਤੋਂ ਸ. ਅਵਤਾਰ ਸਿੰਘ ਆਦਮਪੁਰੀ ਜੀ ਨੇ "ਪਾਹੁਲ ਖੰਡੇਧਾਰ ਦਾਤਾ ਕੈਸੀ ਤੂੰ ਪਿਲਾ ਗਿਆ?" ਗੀਤ ਗਾਇਆ। ਕੈਲਗਰੀ ਤੋਂ ਸ. ਅਮਨਪ੍ਰੀਤ ਸਿੰਘ ਜੀ ਨੇ ਕਵੀਸ਼ਰੀ ਅੰਦਾਜ ਵਿਚ "ਛਿੜਿਆ ਭੰਗਾਣੀ ਵਾਲਾ ਯੁੱਧ ਦੇਖ ਲੈ" ਸੁਣਾ ਕੇ ਜੰਗ ਦਾ ਮੈਦਾਨ ਅੱਖਾਂ ਸਾਹਵੇਂ ਲਿਆ ਦਿੱਤਾ। ਕੈਲਗਰੀ ਤੋਂ ਸ. ਗੁਰਚਰਨ ਸਿੰਘ ਹੇਅਰ ਜੀ ਨੇ ਕਵਿਤਾ "ਜਾਹੋ ਜਲਾਲ ਖਾਲਸੇ ਦਾ ਚਹੁੰ ਕੁੰਟੀ ਚੜ੍ਹਤ ਬਣਾਵੇ" ਨਾਲ ਸਭ ਨੂੰ ਚੜ੍ਹਦੀ ਕਲਾ ਵਿੱਚ ਲੈ ਆਂਦਾ। ਕੈਲਗਰੀ ਤੋਂ ਸ. ਜਸਵਿੰਦਰ ਸਿੰਘ ਰੁਪਾਲ ਜੀ ਨੇ "ਗੁਰੂ ਗੋਬਿੰਦ ਆਗਮਨ ਤੇ" ਕਵਿਤਾ ਸਟੇਜੀ ਅੰਦਾਜ ਵਿੱਚ ਸੁਣਾਈ। ਸ੍ਰੀਮਤੀ ਜਸਵੀਰ ਕੌਰ ਗਿੱਲ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਕਵਿਤਾ ਰਾਹੀਂ ਪੇਸ਼ ਕੀਤਾ। ਟੋਰੰਟੋ ਤੋਂ ਸ. ਸੁਜਾਨ ਸਿੰਘ ਸੁਜਾਨ ਜੀ ਨੇ ਅਤੇ ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਜੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਮੁਕਤਸਰ ਵਿੱਚ ਟੁੱਟੀ ਗੰਢਣ ਦੇ ਇਤਿਹਾਸ ਨੂੰ ਯਾਦ ਕੀਤਾ। ਸ. ਭੁਪਿੰਦਰਜੀਤ ਸਿੰਘ ਰੰਧਾਵਾ ਦਾ ਗੀਤ 'ਤਸਵੀਰ' ਵੀਡੀਓ ਰਾਹੀਂ ਸੁਣਾਇਆ ਗਿਆ। ਸ. ਸਾਧੂ ਸਿੰਘ ਝੱਜ ਅਤੇ ਪਲਵਿੰਦਰ ਸਿੰਘ ਰੰਧਾਵਾ ਕਵੀ-ਦਰਬਾਰ ਵਿੱਚ ਹਾਜਰ ਨਹੀਂ ਹੋ ਸਕੇ। ਅੰਤ ਵਿੱਚ ਸ. ਜਗਬੀਰ ਸਿੰਘ ਜੀ ਨੇ ਸਾਰੇ ਕਵੀਆਂ ਦਾ ਅਤੇ ਸਮੂਹ ਸੰਗਤ ਦਾ ਸੋਸਾਇਟੀ ਵੱਲੋਂ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਸੇਵਾ ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਜੀ ਵਲੋਂ ਬਾਖੂਬੀ ਨਿਭਾਈ ਗਈ। ਅਖੀਰ ਵਿੱਚ ਸੋਸਾਇਟੀ ਦੀ ਪਰੰਪਰਾ ਅਨੁਸਾਰ ਅਨੰਦ ਸਾਹਿਬ ਦੀਆਂ 6 ਪਉੜੀਆ,ਅਰਦਾਸ ਅਤੇ ਹੁਕਮਨਾਮੇ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ

# ਪੰਜਾਬੀ ਸਾਹਿਤ ਦਾ ਸਫ਼ਰ

ਸਰਦਾਰਨੀ ਨਰਿੰਦਰ ਕੌਰ, ਕੈਲਗਰੀ

ਦੁਨੀਆਂ ਵਿਚ ਲਗਭਗ 160 ਮਿਲੀਅਨ ਲੋਕਾਂ ਦੀ ਮਾਂ-ਬੋਲੀ ਪੰਜਾਬੀ ਹੈ। ਇਨ੍ਹਾਂ ਵਿਚੋਂ ਵਧੇਰੇ ਪੱਛਮੀ ਪੰਜਾਬ ਵਿਚ ਹਨ। ਬਾਕੀ ਪੂਰਬੀ ਪੰਜਾਬ ਅਤੇ ਭਾਰਤ ਤੋਂ ਬਾਹਰਲੇ ਮੁਲਕਾਂ ਵਿਚ ਹਨ। ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਿਚ ਮਾਝੀ, ਦੋਆਬੀ, ਮਲਾਵੀ, ਪਹਾੜੀ, ਡੋਗਰੀ, ਮੁਲਤਾਨੀ, ਸਰਾਇਕੀ, ਮਹਾਜਨੀ, ਝਾਂਗੀ ਵੱਧ ਪ੍ਰਚਲਤ ਹਨ। ਇਸ ਅਮੀਰ ਭਾਸ਼ਾ ਵਿਚ 35 ਅੱਖਰ, 10 ਮਾਤ੍ਰਾਵਾਂ, 6 ਪੈਰੀਂ ਬਿੰਦੀਆਂ ਵਾਲੇ ਅੱਖਰ, ਅਤੇ ਟਿੱਪੀ, ਬਿੰਦੀ, ਅਧਿਕ ਵਰਗੇ ਗੁਣ ਹਨ।

ਪੰਜਾਬੀ ਸਾਹਿਤ ਦਾ ਮੁੱਢ 11-ਵੀਂ ਸਦੀ ਤੋਂ ਮੰਨਿਆ ਜਾਂਦਾ ਹੈ। ਬਾਬਾ ਸ਼ੇਖ ਫਰੀਦ ਜੀ (1173-1266) ਨੇ ਸ਼ਾਹਮੁਖੀ ਲਿਪੀ ਵਿਚ ਰੂਹਾਨੀ ਰਚਨਾਵਾਂ ਲਿਖੀਆਂ। ਉਨ੍ਹਾਂ ਦੇ 57 ਸਲੋਕ ਅਤੇ 59 ਸ਼ਬਦ 1604 ਵਿਚ ਗੁਰੂ ਅਰਜਨ ਸਾਹਿਬ ਨੇ "ਆਦਿ ਗ੍ਰੰਥ" ਵਿੱਚ (ਗੁਰਮੁਖੀ ਲਿਪੀ ਵਿਚ) ਸ਼ਾਮਲ ਕੀਤੇ। ਮਹਾਨ ਵਿਦਵਾਨ ਭਾਈ ਗੁਰਦਾਸ ਜੀ (1551-1636) ਦੀਆਂ ਰਚਨਾਵਾਂ ਨੂੰ ਲੋਕਾਂ ਨੇ ਬਹੁਤ ਸਤਿਕਾਰ ਨਾਲ ਅਪਨਾਇਆ। ਫਿਰ ਗੁਰਮੁਖੀ ਲਿਪੀ ਵਾਲੀਆਂ "ਜਨਮਸਾਖੀਆਂ" ਵਿਚ ਗੁਰੂ ਨਾਨਕ ਸਾਹਿਬ (1469-1539) ਦੇ ਜੀਵਨ ਬਿਰਤਾਂਤ ਲਿਖੇ ਗਏ। ਗੁਰੂ ਹਰਗੋਬਿੰਦ ਸਾਹਿਬ (1595-1644) ਦੇ ਸਮੇ ਤੋਂ ਵੀਰ-ਰਸ ਵਾਲੀ "ਛੰਦ-ਬੱਧ" ਵੰਨਗੀ ਦੀ "ਕਵੀਸ਼ਰੀ ਸ਼ੁਰੂ ਹੋਈ। ਬਾਅਦ ਵਿਚ ਬਾਬੂ ਰਜਬ ਅਲੀ ਵਰਗੇ ਕਈ ਗੈਰ-ਸਿੱਖ ਕਵੀਸ਼ਰ ਵੀ ਬੜੇ ਪ੍ਰਸਿਧ ਹੋਏ।

ਮੁਗਲ ਤੇ ਸਿੱਖ ਰਾਜ ਦੌਰਾਨ ਸ਼ਾਹਮੁਖੀ ਲਿਪੀ ਵਿਚ ਸ਼ਾਹ ਹੁਸੈਨ (1538-1599), ਸੁਲਤਾਨ ਬਾਹੂ (1628-91), ਸ਼ਾਹ ਸ਼ਰਫ਼ (1640-1724), ਅਲੀ ਹੈਦਰ (1690-1785) ਅਤੇ ਬੁੱਲ੍ਹੇ ਸ਼ਾਹ (1680-1757) ਦੀਆਂ ਰਚਨਾਵਾਂ ਲੋਕ-ਗਾਇਕੀ ਵਿਚ ਆਈਆਂ। ਫ਼ਾਰਸੀ ਕਵੀਆਂ ਨੇ "ਗ਼ਜ਼ਲ" ਨੂੰ ਤਰਜੀਹ ਦਿੱਤੀ, ਜਦ ਕਿ ਪੰਜਾਬੀ ਸੂਫ਼ੀ ਕਵੀਆਂ ਨੇ "ਕਾਫ਼ੀ" ਨੂੰ ਜ਼ਿਆਦਾ ਵਰਤਿਆ। ਰੋਮਾਂਟਿਕ 'ਕਿੱਸੇਕਾਰੀ' ਨੂੰ ਸੂਫੀ ਕਵਿਤਾ, ਫ਼ਾਰਸੀ ਭਾਸ਼ਾ ਅਤੇ ਕੁਰਾਨ ਨੇ ਬਹੁਤ ਪ੍ਰਭਾਵਿਤ ਕੀਤਾ। ਵਾਰਿਸ ਸ਼ਾਹ (1706-1798) ਨੇ ਹੀਰ ਰਾਂਝੇ ਦਾ ਪੰਜਾਬੀ ਕਿੱਸਾ, ਫਜ਼ਲ ਸ਼ਾਹ ਨੇ ਸੋਹਣੀ ਮਹੀਵਾਲ, ਹਾਫਿਜ਼ ਨੇ ਮਿਰਜ਼ਾ ਸਾਹਿਬਾਂ, ਹਾਸ਼ਿਮ ਸ਼ਾਹ ਨੇ ਸੱਸੀ ਪੁਨੂੰ (1735-1843), ਕਾਦਰਯਾਰ (1802-1892) ਨੇ ਪੂਰਨ ਭਗਤ ਦੇ ਮਸ਼ਹੂਰ ਕਿੱਸੇ ਲਿਖੇ ਜੋ ਅੱਜ ਵੀ ਗਾਏ ਜਾਂਦੇ ਹਨ।

ਨਾਲ ਹੀ "ਵਾਰਾਂ" ਅਤੇ "ਜੰਗਨਾਮੇ" ਪੰਜਾਬੀ ਯੋਧਿਆਂ ਦੀ ਬਹਾਦਰੀ ਦੇ ਗੀਤਾਂ ਦੇ ਰੂਪ ਵਿਚ ਪ੍ਰਚਲਤ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ (1666-1708) ਨੇ ਪ੍ਰਸਿੱਧ "ਚੰਡੀ ਦੀ ਵਾਰ" ਲਿਖੀ। ਸ਼ਾਹ ਮੁਹੰਮਦ (1780-1862) ਨੇ ਪਹਿਲੇ ਐਂਗਲੋ-ਸਿੱਖ ਯੁੱਧ (1645-46), ਅਤੇ ਫਿਰ ਅੱਲਾ-ਯਾਰ ਖਾਨ (1870-1956) ਨੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਸੂਰਬੀਰਤਾ ਦਾ ਆਪਣੀਆਂ ਕਿਤਾਬਾਂ "ਗੰਜੇ ਸ਼ਹੀਦਾਂ" ਅਤੇ "ਸ਼ਹੀਦਾਨੇ ਵਫ਼ਾ" ਵਿਚ ਵਰਣਨ ਕੀਤਾ।

ਅੰਗਰੇਜ਼ਾ ਦੇ ਦੌਰ (1850-1947) ਵਿਚ ਗੁਰਮੁਖੀ ਦੀ ਪਹਿਲੀ ਪ੍ਰਿੰਟਿੰਗ ਪ੍ਰੈਸ 1835 ਵਿਚ ਲੁਧਿਆਣੇ ਵਿਚ ਲਾਈ ਗਈ। ਪਹਿਲੀ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਸਨ 1854 ਵਿੱਚ ਛਪੀ। ਮਹਾਰਾਜਾ

ਰਣਜੀਤ ਸਿੰਘ ਦੇ ਬਣਾਏ "ਪੰਜਾਬੀ ਕਾਇਦੇ" ਵਾਪਸ ਲੈ ਲਏ ਗਏ ਤਾਕਿ ਲੋਕ ਪੰਜਾਬੀ ਸਾਹਿਤ, ਅਤੇ ਸੰਸਾਰ ਦੇ ਸਭ ਤੋਂ ਵੱਡੇ ਗੁਰਮੁਖੀ ਦੇ ਖਜ਼ਾਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਂਝੇ ਰਖੇ ਜਾ ਸਕਣ।

ਪੰਜਾਬੀ ਨਾਵਲ

ਨਾਨਕ ਸਿੰਘ (1897–1971) ਨੇ ਸਮਾਜਿਕ ਮੁੱਦਿਆਂ ਤੇ ਅਤੇ (ਸਿੰਘ ਸਭਾ ਲਹਿਰ ਦੌਰਾਨ) ਭਾਈ ਵੀਰ ਸਿੰਘ ਨੇ ਸੁੰਦਰੀ, ਸਤਵੰਤ ਕੌਰ ਤੇ ਬਾਬਾ ਨੌਧ ਸਿੰਘ ਜਿਹੇ ਇਤਿਹਾਸਕ ਨਾਵਲ ਲਿਖੇ। ਕਈ ਪੰਜਾਬੀ ਨਾਵਲ, ਲੇਖ, ਕਹਾਣੀਆਂ ਤੇ ਕਵਿਤਾਵਾਂ ਲਿਖੀਆਂ ਗਈਆਂ ਜਿਨ੍ਹਾਂ ਵਿਚ ਔਰਤਾਂ ਦੇ ਅਨੁਭਵ, ਅਤੇ ਭਾਰਤ ਦੀ ਵੰਡ ਦੀ ਪੰਜਾਬੀਆਂ ਦੀ ਤ੍ਰਾਸਦੀ ਬਾਰੇ ਜ਼ਿਕਰ ਆਏ। ਪ੍ਰੋਫੈਸਰ ਪੂਰਨ ਸਿੰਘ (1881–1931) ਨੇ ਰੂਹਾਨੀ ਲੇਖ, ਕਵਿਤਾਵਾਂ ਤੇ ਗਰੀਬਾਂ ਬਾਰੇ ਰਚਨਾਵਾਂ ਲਿਖੀਆਂ। ਧਨੀ ਰਾਮ ਚਾਤ੍ਰਿਕ (1876–1957), ਡਾ. ਦੀਵਾਨ ਸਿੰਘ ਕਾਲੇਪਾਣੀ (1897–1944), ਅਤੇ ਉਸਤਾਦ ਦਾਮਨ (1911–1984) ਜਿਹੇ ਕਈ ਲੇਖਕਾਂ ਨੇ ਭਾਰਤ ਦੀ ਆਜ਼ਾਦੀ ਲਈ ਲਿਖਿਆ। ਮੋਹਨ ਸਿੰਘ (1905–78) ਦੇ ਵਿਸ਼ਿਆਂ ਵਿਚ ਕੁਦਰਤ ਅਤੇ ਆਜ਼ਾਦੀ ਲਈ ਗਦਰ ਦੀ ਗੂੰਜ ਸੀ।ਭਾਰਤ ਦੀ ਵੰਡ (1947) ਤੋਂ ਬਾਅਦ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਵਧੇਰੇ ਸ਼ਾਹਮੁਖੀ ਲਿਪੀ ਅਤੇ ਕੁਝ ਗੁਰਮੁਖੀ ਲਿਪੀ ਦੇ ਪੰਜਾਬੀ ਲੇਖਕ ਉਭੱਰ ਕੇ ਆਏ।

ਇਨ੍ਹਾਂ ਵਿਚ ਨਜ਼ਮ ਹੁਸੈਨ ਸਈਅਦ, ਫਖਰ ਜ਼ਮਾਨ, ਅਫਜ਼ਲ ਅਹਿਸਾਨ ਰੰਧਾਵਾ, ਸ਼ਫਕਤ ਤਨਵੀਰ ਮਿਰਜ਼ਾ, ਅਹਿਮਦ ਸਲੀਮ ਪ੍ਰਸਿੱਧ ਹੋਏ। ਮੁਨੀਰ ਨਿਆਜ਼ੀ (1928–2006), ਕਾਦਿਰ ਯਾਰ ਵਰਗੇ ਕਈ ਸਾਹਿਤਕਾਰਾਂ ਨੇ ਉਰਦੂ ਤੇ ਗੁਰਮੁਖੀ ਦੋਵਾਂ ਲਿਪੀਆਂ ਵਿਚ ਲਿਖਿਆ। ਪੂਰਬੀ ਪੰਜਾਬ (ਭਾਰਤ) ਸ਼ਿਵ ਕੁਮਾਰ ਬਟਾਲਵੀ (1936–1973) ਦੀਆਂ ਕਵਿਤਾਵਾਂ, ਸੁਰਜੀਤ ਪਾਤਰ ਦੀਆਂ ਸਮਾਜਿਕ ਲਿਖਤਾਂ, ਅਤੇ ਪਾਸ਼ (1950–1988) ਦੀਆਂ ਇਨਕਲਾਬੀ ਰਚਨਾਵਾਂ ਪ੍ਰਸਿਧ ਹੋਈਆਂ। ਈਸ਼ਵਰ ਨੰਦਾ, ਗੁਰਸ਼ਰਨ ਸਿੰਘ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਦਲੀਪ ਕੌਰ ਟਿਵਾਣਾ, ਸੰਤ ਸਿੰਘ ਸੇਖੋਂ, ਜਸਵੰਤ ਕੰਵਲ, ਹਰਭਜਨ ਸਿੰਘ, ਗੁਰਦਾਸ ਰਾਮ ਆਲਮ, ਅਮਰਜੀਤ ਚੰਦਨ, ਸ਼ਰਧਾ ਰਾਮ ਫਿਲੌਰੀ, ਬਾਵਾ ਬਲਵੰਤ, ਮੁਲਕ ਰਾਜ ਅਨੰਦ, ਅਜਾਇਬ ਕੰਵਲ ਅਤੇ ਹੋਰ ਕਈ ਲਿਖਤਾਂ ਵੀ ਲੋਕਾਂ ਵਿਚ ਪਰਵਾਨ ਹੋਈਆਂ।

"ਪਰਵਾਸੀ ਪੰਜਾਬੀ ਸਾਹਿਤ" ਡਾਇਸਪੋਰਾ ਦੇ (ਅਜਾਇਬ ਕਮਲ ਵਰਗੇ) ਲੇਖਕਾਂ ਦੁਆਰਾ ਵਿਕਸਤ ਹੋਇਆ। ਵਿਸ਼ਿਆਂ ਵਿੱਚ ਪੰਜਾਬੀ ਪ੍ਰਵਾਸੀਆਂ ਦਾ ਅੰਤਰ-ਸੱਭਿਆਚਾਰਕ ਅਨੁਭਵ, ਨਸਲੀ ਵਿਤਕਰਾ, ਔਰਤਾਂ ਦੇ ਵਿਸ਼ੇ ਅਤੇ ਆਧੁਨਿਕ ਸੰਸਾਰ ਦੀਆਂ ਸੱਮਸਿਆਵਾਂ ਪ੍ਰਮੁਖ ਹਨ। ਪੰਜਾਬੀ ਵੰਸ਼ ਦੇ ਦੂਜੀ ਪੀੜ੍ਹੀ ਦੇ ਕਈ ਲੇਖਕਾਂ ਨੇ ਯਥਾਰਥਵਾਦ ਅਤੇ ਵਿਗਿਆਨਕ-ਕਲਪਨਾ ਦੇ ਪ੍ਰਯੋਗ ਕੀਤੇ ਹਨ। ਇਨ੍ਹਾਂ ਵਿਚ ਕਈ ਸਿਰਕੱਢ ਸਾਹਿਤਕਾਰ ਇਸਤ੍ਰੀਆਂ ਵੀ ਸ਼ਾਮਲ ਹਨ

# ਸਾਈਬਰ ਸੁਰੱਖਿਆ

ਸਰਦਾਰ ਤਜਿੰਦਰ ਸਿੰਘ ਰੰਧਾਵਾ (ਇੰਗਲੈਂਡ)

ਹਰ ਸਾਲ Ransomware ਹਮਲੇ ਸੰਖਿਆ ਅਤੇ ਤੀਬਰਤਾ ਵਿੱਚ ਬਹੁਤ ਵੱਧ ਰਹੇ ਹਨ। 2022 ਵਿਚ ਭਾਰਤ ਤੇ ਅਜਿਹੇ 3950 ਹਮਲੇ ਦੇਖੇ। ਇਨ੍ਹਾਂ ਵਿਚ 150 ਮਿਲੀਅਨ ਡਾਲਰ ਫਿਰੌਤੀ ਲਈ ਅਦਾ ਕੀਤੇ ਗਏ। Inidan-Express ਅਨੁਸਾਰ, ਸਾਈਬਰ ਸੁਰੱਖਿਆ ਫਰਮਾਂ ਨੇ ਖੁਲਾਸਾ ਕੀਤਾ ਹੈ ਕਿ ਭਾਰਤੀ ਸੰਸਥਾਵਾਂ ਨੇ hackers ਨੂੰ ਔਸਤਨ 1.2 ਮਿਲੀਅਨ ਡਾਲਰ ਦੀ ਫਿਰੌਤੀ ਆਪਣੇ data decrypt ਕਰਨ ਲਈ ਅਦਾ ਕੀਤੇ ਹਨ। ਇਹਨਾਂ ਪੀੜਤ ਸੰਸਥਾਵਾਂ ਵਿੱਚੋਂ 10% ਜਾਂ ਵੱਧ ਨੇ ਫਿਰੌਤੀ ਦੇ ਹਮਲਿਆਂ ਵਿੱਚ ਇੱਕ ਮਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ। 2022 ਦੀ ਪਹਿਲੀ ਛਿਮਾਹੀ ਦੌਰਾਨ ਪ੍ਰਤੀ ਸੰਗਠਨ 700 ਤੋਂ ਵੱਧ ਫਿਰੌਤੀ ਦੀਆਂ ਕੋਸ਼ਿਸ਼ਾਂ ਹੋਈਆਂ।

Global Cybersecuirty Outlook ਅਨੁਸਾਰ, 2021 ਅਤੇ 2022 ਦੇ ਵਿਚਕਾਰ ਸਾਈਬਰ-ਹਮਲਿਆਂ ਵਿੱਚ 125% ਦਾ ਵਾਧਾ ਹੋਇਆ ਹੈ ਅਤੇ ਇਹੋ ਰੁਝਾਨ 2023 ਲਈ ਵੀ ਸੀ। ਇਕ ਰਿਪੋਰਟ ਅਨੁਸਾਰ, ਭਾਰਤ ਸਭ ਤੋਂ ਵੱਧ ਨਿਸ਼ਾਨੇ ਤੇ ਹੈ, ਸਾਰੇ ਹਮਲਿਆਂ ਦੇ 13.7% ਨਾਲ, ਅਮਰੀਕਾ 9.6% ਦੇ ਨਾਲ, ਫਿਰ ਇੰਡੋਨੇਸ਼ੀਆ ਅਤੇ ਚੀਨ ਕ੍ਰਮਵਾਰ 9.3% ਅਤੇ 4.5% ਦੇ ਨਾਲ। 2021 ਦੇ ਮੁਕਾਬਲੇ 2022 ਵਿੱਚ ਭਾਰਤੀ ਸਰਕਾਰੀ ਏਜੰਸੀਆਂ ਨੂੰ ਨਿਸ਼ਾਨਾ ਬਣਾਏ ਗਏ ਸਾਈਬਰ ਹਮਲਿਆਂ ਵਿੱਚ 95% ਵਾਧਾ ਹੋਇਆ ਹੈ। ਸਭ ਤੋਂ ਵੱਧ ਨਿਸ਼ਾਨੇ ਤੇ ਸਿਹਤ, ਸਿੱਖਿਆ, ਖੋਜ, ਸਰਕਾਰੀ ਅਤੇ ਫੌਜੀ ਖੇਤਰ ਹਨ।



ਸਨ 2022 ਵਿੱਚ ਭਾਰਤ ਵਿੱਚ ਔਸਤਨ ਹਰ ਹਫ਼ਤੇ 1,866 ਵਾਰ ਹਮਲੇ ਹੋਏ। ਭਾਰਤ ਦੇ 'ਨਹਿਰੂ ਪੋਰਟ ਕੰਟੇਨਰ ਟਰਮੀਨਲ' ਨੇ ਇੱਕ ਅਜਿਹੇ ਹਮਲੇ ਤੋਂ ਬਾਅਦ ਜਹਾਜ਼ਾਂ ਨੂੰ ਮੋੜਨਾ ਸ਼ੁਰੂ ਕਰ ਦਿੱਤਾ ਸੀ। ਮਈ ਵਿਚ ਭਾਰਤੀ ਏਅਰਲਾਈਨ Spice Jet ਨੂੰ ਇਨ੍ਹਾਂ ਹਮਲਿਆਂ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਸੈਂਕੜੇ ਯਾਤਰੀਆਂ ਨੂੰ ਪਰੇਸ਼ਾਨੀਆਂ ਆਈਆਂ। ਇਸ ਦੀ ਪੁਸ਼ਟੀ ਏਅਰਲਾਈਨ ਨੇ ਟਵਿੱਟਰ 'ਤੇ ਕੀਤੀ। ਜੁਲਾਈ 2022 ਵਿਚ ਗੋਆ ਵਿੱਚ ਜਲ ਸਰੋਤ ਵਿਭਾਗ ਤੇ ਇੱਕ ਸਾਈਬਰ ਹਮਲਾ ਹੋਇਆ। ਇਹ ਸੰਸਥਾ ਗੋਆ ਦੇ ਸਾਰੇ ਖੇਤਰਾਂ ਵਿੱਚ ਹੜ੍ਹ ਨਿਗਰਾਨੀ ਪ੍ਰਣਾਲੀਆਂ ਲਈ ਜ਼ਿੰਮੇਵਾਰ ਹੈ। ਅਕਤੂਬਰ 2022 ਵਿੱਚ ਇਕ ਅਟੈਕ ਟਾਟਾ ਪਾਵਰ ਸਿਸਟਮ ਤੇ ਵੀ ਹੋਇਆ। ਨਵੰਬਰ 2022 ਵਿੱਚ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਸ ਤੇ ਇੱਕ ਵੱਡਾ ਸਾਈਬਰ-ਹਮਲਾ ਹੋਇਆ। ਇਸ ਨੇ ਸੈਂਕੜੇ ਮਰੀਜ਼ਾਂ ਅਤੇ ਡਾਕਟਰਾਂ ਨੂੰ ਪ੍ਰਭਾਵਿਤ ਕੀਤਾ ਜਿਸ ਵਿੱਚ ਪ੍ਰਾਇਮਰੀ ਹੈਲਥ-ਕੇਅਰ ਸੇਵਾਵਾਂ, ਡਿਸਚਾਰਜ ਬਿਲਿੰਗ ਸ਼ਾਮਲ ਸੀ। ਇਹ ਹਮਲੇ ਸਭ ਮੁਲਕਾਂ ਵਿਚ ਹੁੰਦੇ ਰਹਿੰਦੇ ਹਨ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**Prof. Dr. Jai Rup Singh**, a Ph.D. from AIIMS, Delhi, was VC- Guru Nanak Dev University and founder VC of the Central University of Punjab. He is amongst pioneers of human genetics in India. Presently, Honorary Professor of Panjab University and member of Chandigarh UT Committee on Higher Education. Was member of Punjab CM's Advisory Committee on Higher Education. Was President of Indian Society of Human Genetics; Chairman of Indian Genetic Alliance for Prevention of Genetic Disorders & Care of the Families; VP of International Genetic Alliance and World Eye Foundation; Scientific Advisor of GENDIA International Foundation, USA; Fellow of International and Punjab Medical Sciences Academies and a recipient of the Czech Mendel Medal, Jaswant Singh Rai Memorial, Punjab Government and many other Awards. Has published 4 books, 11 manuals, over 100 papers and delivered over 60 talks in 12 countries. Heis a Visiting Professor at European and South American Universities.

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਤਾਲਮੇਲ ਕੀਤਾ ਹੈ। (singhkabal285@gmail.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਤਜਿੰਦਰ ਸਿੰਘ ਰੰਧਾਵਾ, ਐਮ. ਐਸ. ਸੀ. (ਸਾਈਬਰ ਸੁਰੱਖਿਆ), ਐਮ. ਬੀ. ਏ., ਇਲੈਕਟ੍ਰਾਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿੱਚ ਬੈਚਲਰ ਆਫ਼ ਟੈਕਨਾਲੋਜੀ ਹਨ। ਇੱਕ ਬ੍ਰਿਟਿਸ਼ ਅਫਸਰ ਹਨ ਜਿਨ੍ਹਾਂ ਨੇ ਯੂ.ਕੇ., ਜਰਮਨੀ, ਕੈਨੇਡਾ (ਅਲਬਰਟਾ), ਦੁਬਈ, ਅਫਗਾਨਿਸਤਾਨ, ਅਮਰੀਕਾ (ਕੋਲੋਰਾਡੋ), ਕੀਨੀਆ, ਭਾਰਤ, ਫਰਾਂਸ, ਬੈਲਜੀਅਮ, ਇਜ਼ਰਾਈਲ ਅਤੇ ਫਾਕਲੈਂਡ ਵਿੱਚ ਕੰਮ ਕੀਤਾ ਹੈ।

ਡਾ. ਹਰਸ਼ਿੰਦਰ ਕੌਰ ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲਾਂ ਵਿੱਚੋਂ ਹਨ। ਸੰਯੁਕਤ ਰਾਸ਼ਟਰ, 'ਵੂਮੈਨ ਰਾਈਟਸ ਐਕਟੀਵਿਸਟ' 'ਰੋਟਰੀ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ।

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਲਗੇ ਹੋਏ ਹਨ। ਗ਼ਜ਼ਲ, ਕਵਿਤਾ, ਛੰਦ ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਵਿਚ ਰੁਚੀ ਰੱਖਦੇ ਹਨ। ਸਾਹਿਤਕ ਅਤੇ ਵਿਗਿਆਨਕ ਵਿਸ਼ਿਆਂ ਤੇ 30 ਦੇ ਕਰੀਬ ਸਾਂਝੀਆਂ ਪੁਸਤਕਾਂ ਵਿੱਚ ਰਚਨਾਵਾਂ ਛਪੀਆਂ ਹਨ। ਦੇਸ਼ ਵਿਦੇਸ਼ ਦੇ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। ਫੋਨ 91 9814715796 (E-mail: rupaljs@gmail.com).

ਡਾਕਟਰ ਚਮਕੌਰ ਸਿੰਘਂ ਬਰਾੜ ਪੀ. ਐਚ ਡੀ. (ਸੈਨ ਡੀਏਗੋ, ਕੈਲੀਫੋਰਨੀਆ, ਅਮਰੀਕਾ ਨਿਵਾਸੀ) ਵੈਟਰਨਰੀ ਡਾਕਟਰ ਹਨ ਅਤੇ 1992 ਤੋਂ ਯੂ.ਐਸ.ਏ. ਵਿੱਚ ਅਭਿਆਸ ਕਰ ਰਹੇ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਗ੍ਰੈਜੂਏਸ਼ਨ ਕੀਤਾ ਹੈ। ਸਨ 1981 ਵਿੱਚ ਲੁਧਿਆਣਾ, ਨਿਰਮਲਾ ਸੰਪਰਦਾ ਤੋਂ ਗੁਰਬਾਣੀ ਦੀ ਵਿਆਖਿਆ ਸਿਖੀ ਹੈ।

ਸਰਦਾਰ ਹਰਪ੍ਰੀਤ ਸਿੰਘ ਜਵੰਦਾ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. (ਕਾਮਰਸ ਅਤੇ ਹੋਟਲ ਮੈਨੇਜਮੈਂਟ) ਹਨ ਅਤ ਫਰੈਂਚ ਭਾਸ਼ਾ ਵਿੱਚ ਡਿਪਲੋਮਾ ਕੋਰਸ ਕੀਤਾ ਹੈ। ਉਹ 2005 ਤੋਂ ਵਿਨੀਪੈਗ ਵਿੱਚ ਹਨ। ਉਨ੍ਹਾਂ ਦੀ ਦਿਲਚਸਪੀ ਮੁੱਖ ਤੌਰ 'ਤੇ ਪੰਜਾਬੀ ਵਿੱਚ ਲਘੂ ਕਹਾਣੀ ਲਿਖਣ ਵਿੱਚ ਹੈ। ਉਨ੍ਹਾਂ ਨੂੰ ਭਾਰਤ ਅਤੇ ਕੈਨੇਡਾ ਦੀਆਂ ਸਾਹਿਤਕ ਸੰਸਥਾਵਾਂ ਨੇ ਮਾਨਤਾ ਦਿੱਤੀ ਹੈ।

ਸਰਦਾਰਨੀ ਨਰਿੰਦਰ ਕੌਰ, ਪੰਜਾਬ ਯੂਨੀਵਰਸਿਟੀ ਤੋਂ ਐਮ.ਏ. (ਅਰਥ ਸ਼ਾਸਤਰ), ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. (ਸਮਾਜ ਵਿਗਿਆਨ) ਅਤੇ ਗੋਲਡ ਮੈਡਲ ਨਾਲ, ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ) ਹਨ॥ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ (1980-2005) ਰਹੇ। ਹੁਣ ਕੈਲਗਰੀ ਵਿੱਚ ਰਹਿੰਦੇ ਹਨ।

ਪ੍ਰੋਫ਼ੈਸਰ (ਡਾ:) ਸੁਰਜੀਤ ਸਿੰਘ ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਫਿਰ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਸਿਖਲਾਈ / ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca. E-mail : surjitsinghbhatti@gmail.com.

**Lecture by Dr Kala Singh on- Reference of Animals in Sri Guru Granth Sahib**

**https://www.youtube.com/watch?v=3bgggA7HKj4&t=663s**

**ਲੇਖਕਾਂ ਲਈ ਜ਼ਰੂਰੀ ਜਾਣਕਾਰੀ**

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

**Important Information for Authors**

1. Magazine Policy : To Promote Punjabi Culture, History and Heritage. (Secular, Non-Political, Non-Personal Articles/Poems, after Review).
2. Editorial Board : Will not be responsible for views of Authors / Poets.
3. Font size 12/14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo optional).
7. Maximum Length : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References/Photos : Source (Author, Title, Journal / Book, Year, Page Number may please be given.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)


| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

ਸ਼ਲਾਹਕਾਰ

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| | ਮਿਸੀਸਾਗਾ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## ਐਡੀਟੋਰੀਅਲ ਬੋਰਡ







ਡਾ. ਰਾਜਾ ਬਲਰਾਜ ਸਿੰਘ | ਗੁਰਦੀਸ਼ ਕੌਰ ਗਰੇਵਾਲ | ਪ੍ਰੋਫ਼ੈਸਰ ਮਨਿੰਦਰ ਸਿੰਘ | ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ | ਸ. ਜਗਬੀਰ ਸਿੰਘ ਕੋਹਲੀ | ਸ. ਪਰਮਜੀਤ ਸਿੰਘ | ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ | ਡਾ. ਰਾਜਬੀਰ ਸਿੰਘ ਭੱਟੀ | ਸ. ਯੁਵਰਾਜ ਸਿੰਘ | ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ